# ਆਤਮ ਰੰਗ

Akhand Kirtani Jatha (Regd.) Chandigarh

ੴ

ਜਿਲਦ ੨੭ | ਫਰਵਰੀ 2022 | ਮਾਘ-ਫੱਗਣ 553 ਨਾਨਕਸ਼ਾਹੀ | February 2022 | ਅੰਕ 2

## ਸੁਲਤਾਨ ਹਮ ਦਰਵੇਸ਼ ਗੁਰੂ ਕਰਤਾ ਹਰਿ ਰਾਇ ॥




**ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦਾ 392ਵਾਂ ਪ੍ਰਕਾਸ਼ ਪੁਰਬ, ਜੋ 14 ਫਰਵਰੀ 2022 ਨੂੰ ਆ ਰਿਹਾ ਹੈ, ਸਾਰਾ ਸੰਸਾਰ, ਦੇਸ਼-ਪ੍ਰਦੇਸ਼ ਵਿਚ ਬੜੇ ਪਿਆਰ, ਸਤਿਕਾਰ ਤੇ ਰੀਝਾਂ ਨਾਲ ਮਨਾ ਰਿਹਾ ਹੈ। ਗੁਰਦੁਆਰਾ ਅੰਬ ਸਾਹਿਬ, ਉਹ ਪਾਵਨ ਸਥਾਨ ਹੈ ਜਿਸ ਨੂੰ ਧੰਨ ਧੰਨ ਸ੍ਰੀ ਗੁਰੂ ਹਰਿ ਰਾਇ ਸਾਹਿਬ ਜੀ ਦੇ ਪਾਵਨ ਚਰਣਾਂ ਦੀ ਛੋਹ ਪ੍ਰਾਪਤ ਹੈ।**

ਸਤਿਸੰਗਤਿ ਊਤਮ ਸਤਿਗੁਰ ਕੇਰੀ, ਗੁਨ ਗਾਵੈ ਹਰਿ ਪ੍ਰਭ ਕੇ ॥
ਸਤਸੰਗਤਿ ਕੈਸੀ ਜਾਣੀਐ ॥ ਜਿਥੈ ਏਕੋ ਨਾਮੁ ਵਖਾਣੀਐ ॥









ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ, ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਆਗਮਨ ਪੁਰਬ ਨੂੰ ਸਮਰਪਿਤ, ਮਿਤੀ 17.11.2021 ਤੋਂ ਲੈ ਕੇ 20.11.2021 ਤਕ, ਅਖੰਡ ਕੀਰਤਨੀ ਜੱਥਾ, ਜਲੰਧਰ ਵੱਲੋਂ ਲਾਇਲਪੁਰ ਖਾਲਸਾ ਸੀਨੀਅਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

੧ੴ ਠਾਕੁਰ ਗਾਈਐ ਆਤਮ ਰੰਗਿ ੧ੴ

Akhand Kirtani Jatha (Regd.) Chandigarh

# ਆਤਮ ਰੰਗ

ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ ਵੱਲੋਂ
ਨਿਰੋਲ ਗੁਰਮਤਿ ਮਾਸਕ ਪੱਤਰ

*ਆਤਮ ਰੰਗ ਹਰ ਮਹੀਨੇ ਦੀ ਆਖ਼ਰੀ ਮਿਤੀ ਨੂੰ ਡਿਸਪੈਚ ਹੁੰਦਾ ਹੈ।*

**ਜਿਲਦ ੨੧ ਫਰਵਰੀ 2022 ਮਾਘ-ਫੱਗਣ 553 ਨਾਨਕਸ਼ਾਹੀ February 2022 ਅੰਕ 2**

**ਬਾਨੀ ਤੇ ਸਾਬਕਾ ਮੁੱਖ ਸੰਪਾਦਕ**



*ਗੁਰਪੁਰਵਾਸੀ ਭਾਈ ਸਤਨਾਮ ਸਿੰਘ ਜੀ ਚੰਡੀਗੜ੍ਹ*

**ਮੁੱਖ ਸੰਪਾਦਕ**
*ਭਾਈ ਮਨਪ੍ਰੀਤ ਸਿੰਘ, ਚੰਡੀਗੜ੍ਹ*
**ਦਫ਼ਤਰ**
*245, ਸੈਕਟਰ 35-ਏ, ਚੰਡੀਗੜ੍ਹ (ਇੰਡੀਆ)*
*ਫ਼ੋਨ ਅਤੇ ਵਟਸਐਪ : 98143-00245*
**E-mail :** atamrang3@gmail.com
**ਕਾਨੂੰਨੀ ਸਲਾਹਕਾਰ**
*ਐਡਵੋਕੇਟ ਭਾਈ ਰਵਿੰਦਰ ਸਿੰਘ ਸੈਂਪਲਾ*

**ਚੰਦਾ**

| | |
|---|---|
| ਸਾਲਾਨਾ ਮੈਂਬਰ, ਭਾਰਤ | 200/- ਰੁਪਏ |
| ਲਾਈਫ਼ ਮੈਂਬਰ, ਭਾਰਤ | 1,500/- ਰੁਪਏ |
| ਸਾਲਾਨਾ ਪ੍ਰਦੇਸ (ਏਅਰ) | 1,200/- ਰੁਪਏ |
| ਲਾਈਫ਼ ਮੈਂਬਰ ਪ੍ਰਦੇਸ | 12,000/- ਰੁਪਏ |

ਪ੍ਰਦੇਸੀ ਵੀਰ ਰਕਮ ਭੇਜਣ ਲੱਗਿਆਂ Collection Fee ਨਾਲ Add ਕਰਕੇ ਭੇਜਣ ਅਤੇ ਭਾਰਤ ਦੇ ਪਾਠਕ ਚੰਦੇ ਦੀ ਰਕਮ M.O. ਜਾਂ D.D. ਰਾਹੀਂ ਭੇਜਣ ਦੀ ਕ੍ਰਿਪਾਲਤਾ ਕਰਨ।

ਸਰਬੱਤ ਪ੍ਰੇਮੀਆਂ ਨੂੰ ਬੇਨਤੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦਰਸ਼ਨ, ਸਹਿਜ ਪਾਠ ਕਰ ਕੇ ਕਰੋ ਜੀ।

"This Gurmat Magazine contains Gurbani, please treat with respect."
**ਇਹ ਗੁਰਮਤਿ ਦਾ ਨਿਰੋਲ ਧਾਰਮਿਕ ਪੱਤਰ ਹੈ ਸਤਿਕਾਰ ਸਹਿਤ ਸੰਭਾਲੋ ਜੀ!**

*'ਆਤਮ ਰੰਗ' ਵਿਚ ਛਪੇ ਲੇਖਾਂ ਦੇ ਵਿਚਾਰਾਂ ਨਾਲ (ਗੁਰਬਾਣੀ ਤੋਂ ਇਲਾਵਾ) ਸੰਸਥਾ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।*

ਭਾਈ ਮਨਪ੍ਰੀਤ ਸਿੰਘ ਮੁੱਖ ਸੰਪਾਦਕ, ਪ੍ਰਿੰਟਰ ਤੇ ਪਬਲਿਸ਼ਰ ਨੇ ਜੈ ਆਫਸੈੱਟ ਪ੍ਰਿੰਟਰਜ਼, 905 ਇੰਡਸਟ੍ਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਅਖੰਡ ਕੀਰਤਨੀ ਜਥਾ (ਰਜਿ.) ਚੰਡੀਗੜ੍ਹ, ਦਫ਼ਤਰ 245, ਸੈਕਟਰ 35-ਏ, ਚੰਡੀਗੜ੍ਹ ਤੋਂ ਪ੍ਰਕਾਸ਼ਤ ਕੀਤਾ।

# ਤਤਕਰਾ


- ਸੰਪਾਦਕੀ 5
- ਅੰਮ੍ਰਿਤ ਦੀ ਮੰਗ 5

  *– ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ*
- ਬਾਰਹ ਮਾਹ ਕਥਾ 6

  *– (ਗੁਰਪੁਰਵਾਸੀ) ਸੋਢੀ ਤੇਜਾ ਸਿੰਘ ਜੀ*
- ਅਣਡਿੱਠੀ ਦੁਨੀਆ 8

  *– ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ*
- ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪੰਥ ਨੂੰ ਦੇਣ 10
- ਗੁਰੂ ਹਰਿ ਰਾਇ ਸਾਹਿਬ ਜੀ ਦੇ ਜੀਵਨ ਵਿਚੋਂ ਸਿਖ ਧਰਮ ਦੀ ਤਾਲੀਮ 11

  *– (ਸਵਰਗਵਾਸੀ) ਪ੍ਰੋ. ਸਾਹਿਬ ਸਿੰਘ ਜੀ*
- ਨਾਨਕ ਤਿੰਨਾ ਬਸੰਤ ਹੈ ... 13

  *– ਡਾ. ਸ਼ਮਸ਼ੇਰ ਸਿੰਘ ਜੀ*
- ਸ੍ਰੀ ਗੁਰੂ ਹਰਿ ਰਾਇ ਜੀ 15

  *– ਭਾਈ ਰਮੇਸ਼ ਬੱਗਾ ਚੋਹਲਾ ਜੀ, ਲੁਧਿਆਣਾ*
- ਗੁਰਬਾਣੀ ਪ੍ਰਤੱਖ ਔਸ਼ਧੀ 17

  *– ਭਾਈ ਸੇਵਾ ਸਿੰਘ ਜੀ, ਰਾਮਪੁਰ ਖੇੜਾ*
- ਸਗਲ ਧਰਮ ਮਹਿ ਸ੍ਰੇਸਟ ਧਰਮ ॥ ਹਰਿ ਕੋ ਨਾਮ ਜਪੁ ਨਿਰਮਲ ਕਰਮ ॥ 19

  *– ਡਾ. ਜਗਜੀਤ ਸੰਘ ਜੀ, ਮੋਹਾਲੀ*
- ਬੇਗਮਪੁਰਾ ਸਿਧਾਂਤ ਦੇ ਬਾਨੀ ਭਗਤ ਰਵਿਦਾਸ ਜੀ 22

  *– ਭਾਈ ਰਵਿੰਦਰ ਸਿੰਘ ਸੈਂਪਲਾ, ਐਡਵੋਕੇਟ*
- ਮਾਤਾ ਭਾਗ ਕੌਰ ਜੀ 26

  *– ਭਾਈ ਦਵਿੰਦਰ ਸਿੰਘ ਜੀ, ਡੀ.ਐਸ.ਪੀ., ਜਗਾਧਰੀ*

## *ਸੰਪਾਦਕੀ...*

ਫਰਵਰੀ ਦਾ ਮਹੀਨਾ ਖ਼ਾਲਸਾ ਪੰਥ ਦੇ ਸ਼ਹੀਦਾਂ ਦਾ ਮਹੀਨਾ ਆਖਿਆ ਜਾ ਸਕਦਾ ਹੈ। 5 ਫਰਵਰੀ ਸੰਨ 1762 ਨੂੰ ਅਹਿਮਦ ਸ਼ਾਹ ਅਬਦਾਲੀ ਨੇ ਅਫ਼ਗਾਨਿਸਤਾਨ ਤੋਂ ਬਾਬਰ ਵਾਂਗ ਪਾਪ ਕੀ ਜੰਞ ਲੈ ਕੇ ਮਲੇਰਕੋਟਲੇ ਕੋਲ ਕੁੱਪ ਰਹੀੜਾ ਅਸਥਾਨ 'ਤੇ ਖ਼ਾਲਸਾ ਪੰਥ ਨਾਲ ਟੱਕਰ ਲਈ। ਜਿਸ ਵਿਚ ਸਿੰਘਾਂ ਦਾ ਬਹੁਤ ਭਾਰੀ ਨੁਕਸਾਨ ਹੋਇਆ। ਇਸ ਨੂੰ ਵੱਡਾ ਘੱਲੂਘਾਰਾ ਦਾ ਨਾਮ ਦਿੱਤਾ ਗਿਆ ਹੈ। 10 ਫਰਵਰੀ ਨੂੰ ਬਾਬਾ ਦੀਪ ਸਿੰਘ ਜੀ ਦੀ ਭੀ ਸ਼ਹੀਦੀ ਹੋਈ ਸੀ। 21 ਫਰਵਰੀ ਸੰਨ 1921 ਨੂੰ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਨੂੰ ਨਰੈਣੂ ਮਹੰਤ ਤੋਂ ਆਜ਼ਾਦ ਕਰਾਉਣ ਖ਼ਾਤਰ ਸ਼ਾਂਤਮਈ ਰਹਿੰਦੇ ਹੋਏ 156 ਸਿੰਘਾਂ ਸਮੇਤ ਜਥੇਦਾਰ ਭਾਈ ਲਛਮਣ ਸਿੰਘ ਜੀ ਨੇ ਸ਼ਹੀਦੀਆਂ ਪਾਈਆਂ। ਉਸ ਸਾਕੇ ਦੇ ਰੋਸ ਵਜੋਂ ਪੰਜਾਬ ਅੰਦਰ ਪੰਥ ਨੇ ਪਵਿੱਤਰ ਇਤਿਹਾਸਕ ਗੁਰਧਾਮਾਂ ਨੂੰ ਮਹੰਤਾਂ ਦੇ ਕਬਜ਼ਿਆਂ ਤੋਂ ਆਜ਼ਾਦ ਕਰਾਉਣ ਲਈ 1921-1925 ਤਕ ਗੁਰਦੁਆਰਾ ਸੁਧਾਰ ਲਹਿਰ ਚਲਾਈ, ਜਿਸ ਵਿਚ ਅਨੇਕਾਂ ਸਿੱਖ ਸ਼ਹੀਦ ਹੋਏ, ਪੁਲਿਸ ਦੀਆਂ ਡਾਂਗਾਂ ਦੀ ਮਾਰ ਸਹਾਰਨੀ ਪਈ, ਅਤੇ ਜੇਲ੍ਹਾਂ ਵਿਚ ਭੀ ਕੈਦ ਹੋਣਾ ਪਿਆ। ਬ੍ਰਿਟਿਸ਼ ਸਰਕਾਰ ਮਹੰਤਾਂ ਦੀ ਪਿੱਠ 'ਤੇ ਸੀ। ਖ਼ਾਲਸੇ ਦੀ ਪਿੱਠ ਉੱਤੇ ਗੁਰੂ ਮਹਾਰਾਜ ਦਾ ਹੱਥ ਸੀ। ਵੱਡੇ ਘੱਲੂਘਾਰੇ ਵਾਲੇ ਅਸਥਾਨ - ਕੁੱਪ ਰਹੀੜਾ ਨੂੰ ਪੰਥ ਨੇ ਹੁਣ ਤਕ ਅਣਗੌਲਿਆ ਜਿਹਾ ਰੱਖਿਆ ਹੈ। ਸ਼ਹੀਦੀ ਕਲਚਰ, ਖ਼ਾਲਸਾ ਪੰਥ ਦਾ ਨਾ ਕੇਵਲ ਵਿਰਸਾ ਹੈ ਬਲਕਿ ਇਸ ਨਾਲ ਪੰਥ ਵਿਚ ਹਮੇਸ਼ਾ ਚੜ੍ਹਦੀ ਕਲਾ ਆਈ ਹੈ। ਅੱਜ ਸਾਡੀ ਨੌਜਵਾਨ ਪੀੜ੍ਹੀ ਨੂੰ ਆਪਣੇ ਵਿਰਸੇ ਤੋਂ ਅਤੇ ਆਪਣੇ ਧਰਮ ਦੇ ਮਹਾਨ ਪਰਉਪਕਾਰੀ ਕਲਚਰ ਤੋਂ ਭੀ ਦੂਰ ਜਾਂਦਿਆਂ ਵੇਖ ਕੇ ਦੁੱਖ ਹੁੰਦਾ ਹੈ। ਇਨ੍ਹਾਂ ਸ਼ਹੀਦਾਂ ਨੇ ਮਨੁੱਖੀ ਅਧਿਕਾਰ, ਜਿਸ ਵਿਚ ਸਭ ਨੂੰ ਆਪਣੇ ਧਰਮ ਪਾਲਣ ਦੀ ਆਜ਼ਾਦੀ ਹੋਵੇ, ਨੂੰ ਕਾਇਮ ਰੱਖਣ ਲਈ ਮੁਗ਼ਲ ਸਾਮਰਾਜ ਦੇ ਕੱਟੜ ਧਾਰਮਿਕ ਜ਼ੁਲਮ ਦਾ ਟਾਕਰਾ ਕਰਨ ਲਈ ਆਪਣਾ ਬਲੀਦਾਨ ਦੇ ਕੇ ਸਾਡੇ ਲਈ ਉੱਚੇ ਸੁੱਚੇ ਪੂਰਨੇ ਪਾਏ। ਅੱਜ ਭੀ ਇਸਲਾਮਿਕ ਕੱਟੜਵਾਦ ਸਾਰੀ ਦੁਨੀਆ ਲਈ ਖ਼ਤਰਾ ਬਣਿਆ ਹੋਇਆ ਹੈ। ਐਸੀ ਹਾਲਤ ਵਿਚ ਖ਼ਾਲਸਾ ਜੀ ਨੂੰ ਆਪਣੇ ਗੁਰੂਆਂ ਅਤੇ ਸੂਰਬੀਰਾਂ ਦੇ ਸ਼ਹੀਦੀ ਕਲਚਰ ਤੋਂ ਸੇਧ ਲੈਣੀ ਚਾਹੀਦੀ ਹੈ।

# ਅੰਮ੍ਰਿਤ ਦੀ ਮੰਗ

*[ਭਾਈ ਮਨਪ੍ਰੀਤ ਸਿੰਘ ਜੀ, ਮੁੱਖ ਸੰਪਾਦਕ]*

ਸੱਚੇ ਸਤਿਗੁਰੂ, ਗੁਰੂ ਗੋਬਿੰਦ ਸਿੰਘ ਜੀ,
ਅੰਮ੍ਰਿਤ ਦਾਤਿਆ ਸੁਣੀ ਅਰਦਾਸ ਮੇਰੀ।
ਆਪਣੇ ਅੰਮ੍ਰਿਤ ਦੀ ਮੈਨੂੰ ਦਾਤ ਬਖਸ਼ੋ,
ਜਨਮ ਜਨਮ ਦੀ ਮਿਟੇ ਪਿਆਸ ਮੇਰੀ।
ਨਾਲੇ ਬਖਸ਼ੇ ਗੁਰਮੰਤ੍ਰ ਦਾ ਦਾਨ ਮੈਨੂੰ,
ਜਿਹੜਾ ਜਪੇ ਜਿਸ ਨੂੰ ਸੁਆਸ ਸੁਆਸ ਮੇਰੀ।
ਕਰੋ ਬੇਗੁਰੇ ਨੂੰ ਮੈਨੂੰ ਗੁਰੂ ਵਾਲਾ,
ਪੂਰੀ ਹੋਵੇ ਇਹ ਗੁਰੂ ਜੀ ਆਸ ਮੇਰੀ।
ਹਾਜ਼ਰ ਸੀਸ ਮੇਰਾ ਲਵੋ ਫੀਸ ਆਪਣੀ,
ਇਹ ਵੀ ਭੇਟਾ ਕੋਈ ਨਹੀਂ ਹੈ ਖਾਸ ਮੇਰੀ।
ਅੰਮ੍ਰਿਤ ਛਕ ਤੇਰਾ ਮੈਂ ਵੀ ਅਮਰ ਹੋਵਾਂ,
ਹੋਵੇ ਜਿਉਂਦੀ ਇਹ ਮੁਰਦਾ ਲਾਸ਼ ਮੇਰੀ।
ਦਾਖਲ ਕਰੋ ਮੈਨੂੰ ਆਪਣੇ ਪੰਥ ਅੰਦਰ,
ਤੇਰੇ ਸਿੱਖਾਂ ਵਿਚ ਲੱਗੇ ਕਲਾਸ ਮੇਰੀ।
ਚਰਨ ਧੂੜ ਹੋਵਾਂ ਤੇਰੇ ਖਾਲਸੇ ਦੀ,
ਮੇਰੇ ਵਿਚੋਂ ਹੋਵੇ ਹਉਮੈਂ ਨਾਸ ਮੇਰੀ।
ਚੰਦਨ ਬਿਰਛ ਦੇ ਵਿਚ ਪਲਟ ਜਾਵੇ,
ਕਾਇਆਂ ਇਹ ਜੋ ਵਾਂਗ ਪਲਾਸ ਮੇਰੀ।
ਤੇਰੀ ਸਿੱਖੀ ਨੂੰ ਸਮਝ ਸਮਝੌਣ ਵਾਲੀ,
ਐਸੀ ਮਤ ਹੋ ਜਾਏ ਪ੍ਰਕਾਸ਼ ਮੇਰੀ।
ਨਾਮ ਬਾਣੀ ਦਾ ਰਹਾਂ ਅਭਿਆਸ ਕਰਦਾ,
ਬਿਰਥਾ ਜਾਵੇ ਨਾ ਦਮਾਂ ਦੀ ਰਾਸ ਮੇਰੀ।
ਲਾਓ ਇਕ ਅਕਾਲ ਦੇ ਲੜ ਮੈਨੂੰ,
ਜਗ੍ਹਾ ਜਗ੍ਹਾ ਦੀ ਮਿਟੇ ਤਲਾਸ਼ ਮੇਰੀ।
ਜਨਮ ਮਰਨ ਦਾ ਮੁਕ ਕਲੇਸ਼ ਜਾਵੇ,
ਹੋਵੇ ਏਸ ਤੋਂ ਬੰਦ ਖਲਾਸ ਮੇਰੀ।
'ਸਚ ਖੰਡ' ਦੇ ਵਿਚ ਪ੍ਰਵੇਸ਼ ਕਰਕੇ,
ਕਰੇ ਆਤਮਾ ਸਦਾ ਨਿਵਾਸ ਮੇਰੀ।

# ਬਾਰਹ ਮਾਹ ਕਥਾ

*[(ਗੁਰਪੁਰਵਾਸੀ) ਸੋਢੀ ਤੇਜਾ ਸਿੰਘ ਜੀ]*

***ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ॥***

ਫੱਗਣ ਵਿਚ ਅਨੰਦ ਉਤਪੰਨ ਹੋਇਆ ਹੈ, ਹਰੀ ਸੱਜਣ ਆ ਪ੍ਰਗਟ ਹੋਏ ਹਨ।

***ਵਿਆਖਿਆ*** - ਜਿਸ ਪਤੀ ਪਰਮਾਤਮਾ ਦੇ ਮਿਲਣ ਦੀ ਬਾਰਾਂ ਮਹੀਨਿਆਂ ਤੋਂ ਤਾਂਘ ਸੀ, ਉਹ ਜਦ ਆਣ ਕੇ ਮਿਲ ਪਏ ਤਾਂ ਜੀਵ ਰੂਪੀ ਪ੍ਰੇਮਣ ਦੇ ਸੋਗ ਦੂਰ ਹੋ ਗਏ ਅਤੇ ਅਨੰਦ ਦੇ ਵਾਜੇ ਵੱਜਣ ਲੱਗ ਪਏ। ਯਥਾ -

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ॥*
*ਸਤਿਗੁਰੁ ਤ ਪਾਇਆ ਸਹਜ ਸੇਤੀ ਮਨਿ ਵਜੀਆ ਵਾਧਾਈਆ॥* *ਅੰਗ - ੯੧੭*

***ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ॥***

ਇਸ ਕਾਰਜ ਵਿਚ ਪਰਮਾਤਮਾ ਦੇ ਸੰਤ ਸਹਾਈ ਹੋਏ ਹਨ, ਜਿਨ੍ਹਾਂ ਨੇ ਕ੍ਰਿਪਾ ਕਰਕੇ ਮੇਲ ਕਰਾ ਦਿੱਤਾ ਹੈ।

***ਵਿਆਖਿਆ*** - ਵਾਹਿਗੁਰੂ ਦੇ ਦਰਸ਼ਨ ਪ੍ਰਾਪਤ ਕਰਨ ਵਾਸਤੇ ਸੰਤਾਂ ਦੀ ਕ੍ਰਿਪਾ ਹੋਣੀ ਜ਼ਰੂਰੀ ਹੈ। ਮਾਘ ਮਹੀਨੇ ਵਿਚ ਇਹ ਉਪਦੇਸ਼ ਸੀ ਕਿ ਸਾਧ ਸੰਗਤ ਦੀ ਧੂੜੀ ਵਿਚ ਇਸ਼ਨਾਨ (ਮਨ ਨੂੰ ਨਿਰਮਲ) ਕਰਕੇ ਉਨ੍ਹਾਂ ਦੀ ਕ੍ਰਿਪਾ ਦੇ ਪਾਤਰ ਬਣੇ। ਜਦ ਸੰਤਾਂ ਦੀ ਕ੍ਰਿਪਾ ਹੋਈ ਤਾਂ ਉਨ੍ਹਾਂ ਨੇ ਪ੍ਰੇਮੀ ਦਾ ਮੇਲ ਕਰਾ ਦਿੱਤਾ। ਇਸ ਤਰ੍ਹਾਂ ਪ੍ਰੇਮੀ ਦੇ ਪਿਆਰੇ ਸੰਤ ਜਗਿਆਸਾ ਦੇ ਵਿਛੋੜੇ ਦਾ ਦੁੱਖ ਦੂਰ ਕਰਨ ਵਿਚ ਸਹਾਈ ਹੁੰਦੇ ਹਨ। ਯਥਾ -

*ਹਠ ਮਝਾਹੂ ਮਾ ਪਿਰੀ ਪਸੇ ਕਿਉ ਦੀਦਾਰ॥*
*ਸੰਤ ਸਰਣਾਈ ਲਭਣੇ ਨਾਨਕ ਪ੍ਰਾਣ ਅਧਾਰ॥* *ਅੰਗ ੮੦*

ਤਥਾ

*ਧੂੜੀ ਮਜਨੁ ਸਾਧ ਖੇ ਸਾਈ ਥੀਏ ਕ੍ਰਿਪਾਲ॥*
*ਲਧੇ ਹਭੇ ਥੋਕੜੇ ਨਾਨਕ ਹਰਿ ਧਨੁ ਮਾਲ॥* *ਅੰਗ ੮੦*

***ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ॥***

ਸੇਜਾ ਸ਼ੋਭਨੀਕ ਹੋ ਗਈ ਹੈ ਅਤੇ ਹੁਣ ਦੁਖਾਂ ਨੂੰ ਕੋਈ ਥਾਂ ਨਹੀਂ ਰਹੀ।

***ਵਿਆਖਿਆ*** - ਮਿਲਾਪ ਕਰਕੇ ਜੀਵ ਰੂਪੀ ਇਸਤਰੀ ਦੀ ਸੇਜਾ (ਹਿਰਦਾ) ਸ਼ੋਭਨੀਕ ਹੋ ਗਈ ਹੈ ਅਤੇ ਸੁਖ ਹੀ ਸੁਖ ਤੇ ਮੌਜਾਂ ਬਣ ਗਈਆਂ। ਵਿਛੋੜੇ ਕਰਕੇ ਜੋ ਦੁਖ ਹੁੰਦੇ ਹਨ, ਹੁਣ ਉਨ੍ਹਾਂ ਦੇ ਠਹਿਰਨ ਵਾਸਤੇ ਹਿਰਦੇ ਵਿਚ ਕੋਈ ਥਾਂ ਨਹੀਂ ਰਹੀ। ਯਥਾ -

*ਮਿਟਿ ਗਈ ਚਿੰਤ ਪੁਨੀ ਮਨ ਆਸਾ॥*
*ਕਰੀ ਦਇਆ ਸਤਿਗੁਰਿ ਗੁਣਤਾਸਾ॥੨॥*
*ਦੁਖ ਨਾਠੇ ਸੁਖ ਆਇ ਸਮਾਏ॥*
*ਢੀਲ ਨ ਪਰੀ ਜਾ ਗੁਰਿ ਫੁਰਮਾਏ ॥੩॥* *ਅੰਗ - ੧੯*

***ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ॥***

ਵੱਡੇ ਭਾਗਾਂ ਵਾਲੀ ਦੀ ਇੱਛਿਆ ਪੂਰੀ ਹੋ ਗਈ, ਉਸ ਨੇ ਹਰੀ ਰਾਜਾ ਵਰ (ਪਤੀ) ਪ੍ਰਾਪਤ ਕਰ ਲਿਆ ਹੈ।

***ਵਿਆਖਿਆ*** - ਗੁਰੂ ਦੀ ਕ੍ਰਿਪਾ ਨਾਲ ਜਦ ਜੀਵ ਰੂਪੀ ਇਸਤਰੀ ਵੱਡੇ ਭਾਗਾਂ ਵਾਲੀ ਹੋਈ, ਤਾਂ ਉਸ ਨੇ ਅਕਾਲ ਪੁਰਖ ਪਤੀ ਨੂੰ ਪਾ ਲਿਆ ਅਤੇ ਉਸ ਦੇ ਮਨ ਦੀ ਜੋ ਮੁਰਾਦ ਸੀ, ਉਹ ਪੂਰੀ ਹੋ ਗਈ। ਯਥਾ :

*ਕਰਿ ਕਿਰਪਾ ਘਰਿ ਆਇਆ ਗੁਰ ਕੈ ਹੇਤਿ ਅਪਾਰਿ॥*
*ਵਰੁ ਪਾਇਆ ਸੋਹਾਗਣੀ ਕੇਵਲ ਏਕੁ ਮੁਰਾਰਿ ॥੭॥* *ਅੰਗ - ੪੨੮*

***ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥***

ਸਹੇਲੀਆਂ ਮਿਲ ਕੇ ਵਾਹਿਗੁਰੂ ਦੇ ਮੰਗਲਮਈ (ਖ਼ੁਸ਼ੀ ਦੇ) ਗੀਤ ਰਲ ਕੇ ਗਾਉਂਦੀਆਂ ਹਨ।

*ਵਿਆਖਿਆ* - ਐਸੇ ਉੱਚੇ ਸੰਜੋਗ ਦੇ ਪ੍ਰਾਪਤ ਹੋ ਜਾਣ ਕਰਕੇ ਜਗਿਆਸੂ ਰੂਪੀ ਸਹੇਲੀਆਂ ਧੰਨਵਾਦ ਦੇ ਗੀਤ ਬੋਲਦੀਆਂ ਤੇ ਗਾਉਂਦੀਆਂ ਹਨ। ਯਥਾ -

*ਮਨਿ ਚਾਉ ਭਇਆ ਪ੍ਰਭ ਆਗਮੁ ਸੁਣਿਆ॥*
*ਹਰਿ ਮੰਗਲੁ ਗਾਉ ਸਖੀ ਗ੍ਰਿਹੁ ਮੰਦਰੁ ਬਣਿਆ॥* *ਅੰਗ - ੯੨੧*

*ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥*

ਹਰੀ ਵਰਗਾ ਹੋਰ ਕੋਈ ਦੂਜਾ ਨਹੀਂ ਦਿਸਦਾ ਅਤੇ ਨਾ ਹੀ ਕੋਈ ਦੂਸਰਾ ਉਸਦੇ (ਲਵੈ) ਬਰਾਬਰ (ਲਾਇ) ਲੱਗਦਾ ਹੈ। ਅਰਥਾਤ ਅਕਾਲ ਪੁਰਖ ਪਤੀ ਵਰਗਾ ਹਰ ਕੋਈ ਪਤੀ ਨਹੀਂ ਹੈ, ਕਿਉਂਕਿ ਉਸ ਦੇ ਬਰਾਬਰ ਦਾ ਦੂਜਾ ਕੋਈ ਨਹੀਂ ਹੈ। ਯਥਾ -

*ਤੂੰ ਮੇਰਾ ਪਰਬਤੁ ਤੂੰ ਮੇਰਾ ਓਲਾ ਤੁਮ ਸੰਗਿ ਲਵੈ ਨ ਲਾਵਣਿਆ॥* *ਅੰਗ - ੧੩੧*

*ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ॥*

ਲੋਕ ਪਰਲੋਕ ਸੰਵਾਰ ਦਿੱਤੇ ਹਨ ਅਤੇ ਨਿਹਚਲ ਥਾਂ ਦੇ ਦਿੱਤੀ ਹੈ।

ਅਰਥਾਤ ਪਤੀ ਪਰਮਾਤਮਾ ਆਪਣੇ ਦਾਸਾਂ ਦੇ ਜਨਮ ਮਰਨ ਦੇ ਦੁੱਖ ਕੱਟ ਦੇਂਦਾ ਹੈ ਅਤੇ ਆਪਣੇ ਮੁਕਤ ਸਰੂਪ ਵਿਚ ਅਭੇਦ ਕਰ ਲੈਂਦਾ ਹੈ। ਯਥਾ -

*ਭਗਤ ਜਨਾ ਕਉ ਰਖਦਾ ਆਪਣੀ ਕਿਰਪਾ ਧਾਰਿ॥*
*ਹਲਤਿ ਪਲਤਿ ਮੁਖ ਊਜਲੇ ਸਾਚੇ ਕੇ ਗੁਣ ਸਾਰਿ॥* *ਅੰਗ - ੪੬*

*ਸੰਸਾਰ ਸਾਗਰ ਤੇ ਰੱਖਿਅਨੁ ਬਹੁੜਿ ਨ ਜਨਮੈ ਧਾਇ॥*

ਸੰਸਾਰ ਸਾਗਰ ਵਿਚ ਡੁੱਬਣ ਤੋਂ ਰੱਖ ਲਿਆ ਹੈ, ਫੇਰ ਮੁੜ ਜਨਮਾਂ ਵਿਚ ਨਹੀਂ ਪੈਣਗੇ।

*ਵਿਆਖਿਆ* - ਆਪਣੇ ਦਾਸਾਂ ਨੂੰ ਵਾਹਿਗੁਰੂ ਸੰਸਾਰਕ ਪਦਾਰਥਾਂ ਵਿਚ ਗਰਕ ਨਹੀਂ ਹੋਣ ਦੇਂਦਾ। ਇਸ ਸੰਸਾਰ ਵਿਚ ਜਨਮ ਤੋਂ ਲੈ ਕੇ ਉਨ੍ਹਾਂ ਨੇ ਦਾਤ ਪਿਆਰੀ ਕਰਕੇ ਦਾਤੇ ਨੂੰ ਨਹੀਂ ਵਿਸਾਰਿਆ ਅਤੇ ਸ੍ਰੀ ਵਾਹਿਗੁਰੂ ਦਾ ਸਿਮਰਨ ਕਰ ਕੇ "ਹਸੰਦਿਆ ਖੇਲੰਦਿਆ ਪੈਨੰਦਿਆਂ ਖਾਵੰਦਿਆਂ" ਦੇ ਗੁਰਵਾਕ ਅਨੁਸਾਰ ਇਸ ਦੇ ਵਿੱਚ ਹੀ ਮੁਕਤੀ ਪਾਈ ਹੈ। ਘਰ ਬਾਰ ਛੱਡ ਕੇ ਜੰਗਲਾਂ ਜਾਂ ਪਹਾੜਾਂ ਵਿਚ ਨਹੀਂ ਜਾ ਬੈਠੇ।

ਜਿਵੇਂ ਕਿ ਜਿਤਨੇ ਵੀ ਗੁਰੂ ਪੀਰ ਬਾਬਾ ਸ਼੍ਰੋਮਣੀ ਭਗਤ ਹੋਏ ਹਨ, ਸਭ ਹੀ ਘਰ-ਬਾਰੀ ਹੋਏ ਹਨ। ਸ਼ੇਖ ਫਰੀਦ ਜੀ ੨੬ ਵਰ੍ਹੇ ਜੰਗਲਾਂ ਬੇਲਿਆਂ ਵਿਚ ਘੋਰ ਤਪੱਸਿਆ ਕਰਦੇ ਰਹੇ, ਪਰ ਅੰਤ ਨੂੰ ਪਾਕਪਟਨ ਘਰ-ਬਾਰ ਹੋ ਕੇ ਬੈਠੇ ਤਾਂ ਮਨ ਦੀ ਮੁਰਾਦ ਪੂਰੀ ਹੋਈ ਅਤੇ ਸਿੱਧੀ ਨੂੰ ਪ੍ਰਾਪਤ ਹੋਏ।

*ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ॥*

ਉਸ ਦੇ ਗੁਣ ਅਨੇਕ ਹਨ, ਜੀਵ ਦੀ ਜਿਹਵਾ ਇਕ ਹੈ। ਗੁਰੂ ਜੀ ਕਥਨ ਕਰਦੇ ਹਨ, ਜਿਨ੍ਹਾਂ ਨੂੰ ਆਪਣੇ ਚਰਨੀ ਪਾਉਂਦਾ ਹੈ, ਉਹੀ ਉਸ ਦੇ ਗੁਣ ਕਰਦੇ ਹਨ।

ਅਰਥਾਤ ਵਾਹਿਗੁਰੂ ਦੇ ਗੁਣ ਬੇਅੰਤ ਹਨ, ਜੋ ਇਕ ਜੀਭ ਨਾਲ ਕਥਨ ਨਹੀਂ ਕੀਤੇ ਜਾ ਸਕਦੇ। ਜਿਨ੍ਹਾਂ ਨੂੰ ਕ੍ਰਿਪਾ ਦ੍ਰਿਸ਼ਟੀ ਕਰਕੇ ਆਪਣੀ ਸ਼ਰਨ ਵਿਚ ਪਾ ਲੈਂਦਾ ਹੈ, ਉਹ ਇਸ ਸੰਸਾਰ ਸਮੁੰਦਰ ਤੋਂ ਤਰ ਜਾਂਦੇ ਹਨ। ਉਨ੍ਹਾਂ ਦੀ ਮੁਰਾਦ ਪੂਰੀ ਹੋ ਜਾਂਦੀ ਹੈ। ਯਥਾ -

*ਜਿਹਵਾ ਕਿਆ ਗੁਣ ਆਖਿ ਵਖਾਣਹੁ ਤੁਮ ਵਡ ਅਗਮ ਵਡ ਪੁਰਖਾ॥*
*ਜਨ ਨਾਨਕ ਹਰਿ ਕਿਰਪਾ ਧਾਰੀ ਪਾਖਾਣੁ ਡੁਬਤ ਹਰਿ ਰਾਖਾ ॥੪॥੨॥* *ਅੰਗ - ੬੯੬-੯੭*

*ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ॥੧੩॥*

ਫੱਗਣ ਵਿਚ ਉਸਦਾ ਸਦਾ ਜਸ ਗਾਈਏ, ਜਿਸ ਨੂੰ ਤਿਲ ਮਾਤਰ ਵੀ ਲਾਲਚ ਨਹੀਂ ਹੈ।

*ਵਿਆਖਿਆ* - ਸਤਿਗੁਰੂ ਜੀ ਫੱਗਣ ਦੁਆਰਾ ਇਹ ਉਪਦੇਸ਼ ਕਰਦੇ ਹਨ ਕਿ ਉਸ ਪਰਮਾਤਮਾ ਦੇ ਗੁਣ ਸਦਾ ਹੀ ਗਾਉਂਦੇ ਰਹੀਏ, ਜਿਸ ਨੂੰ ਇਸ ਗੱਲ ਦਾ ਕੋਈ ਲਾਲਚ ਨਹੀਂ ਹੈ, ਭਾਵੇਂ ਕੋਈ ਗੁਣ ਗਾਵੇ ਤੇ ਭਾਵੇਂ ਨਾ ਗਾਵੇ। ਕਥਾ -

*ਜੇ ਸਭਿ ਮਿਲਿ ਕੈ ਆਖਣ ਪਾਹਿ॥*
*ਵਡਾ ਨ ਹੋਵੈ ਘਾਟਿ ਨ ਜਾਇ॥੨॥* *ਅੰਗ - ੯*



# ਅਣਡਿੱਠੀ ਦੁਨੀਆ

*(ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ)*



ਸੰਸਾਰ ਵਿਖੇ ਜੋ ਬੁਰਿਆਈ ਹੋ ਰਹੀ ਹੈ, ਜੋ ਉਪੱਦ੍ਰਵ ਹੋ ਰਹੇ ਹਨ, ਉਸ ਦਾ ਕਾਰਨ ਮੁੱਖ ਇਹੀ ਹੈ ਕਿ ਆਮ ਨਾਸਤਕਤਾ ਇਹ ਵਰਤ ਰਹੀ ਹੈ ਕਿ ਅਕਾਲ ਪੁਰਖ ਹੈ ਹੀ ਨਹੀਂ। ਜੋ ਇਹ ਨਿਸਚਾ ਯਕੀਨ ਹੋਵੇ ਕਿ ਓਹ ਹੈ, ਸਦਾ ਸਿਰ ਤੇ ਖੜਾ ਹੈ, ਨੇੜੇ ਹੂੰ ਤੇ ਨੇੜੇ ਹੈ ਅਤੇ ਸਭ ਦੇ ਨਿਕਟ ਵਸ ਰਿਹਾ ਹੈ, ਤਾਂ ਕੋਈ ਭੀ ਜੀਵ ਬੁਰਾਈ ਨ ਕਰੇ, ਕੋਈ ਭੀ ਬੁਰਾ ਕੰਮ ਨ ਕਰੇ, ਬਿਖ-ਮਾਇਆ ਦੇ ਸੰਚਨ ਵਿਚ ਹੀ ਪਰਵਿਰਤ ਨ ਰਹੇ। ਬਿਖ-ਮਾਇਆ ਸੰਚਨ ਵਿਚ ਮੁਸਤਗਰਕ ਹੋਇਆ, ਉਹ ਮਾਇਆ ਮੋਹਣੀ ਨੂੰ ਜੱਫੇ ਪਾਈ ਫਿਰਦਾ ਹੈ। ਜੋ ਸਿਰ ਤੇ ਸ੍ਰੀ ਕਰਤਾਰ ਨੂੰ ਨਿਕਟ ਕਰ ਬੁਝੈ ਤਾਂ ਬੁਰਿਆਂ ਕੰਮਾਂ ਤੋਂ ਜ਼ਰੂਰ ਤੌਬਾ ਕਰੇ ਅਤੇ ਬਿਖ-ਮਾਇਆ ਵਿਖੇ ਖਚਤ ਹੋਣਾਂ ਬਚੇ, ਪਰ ਬਚਦਾ ਨਹੀਂ। ਉਸ ਨੂੰ ਪ੍ਰਮਾਤਮਾ ਦੇ ਨਿਕਟ ਹੋਣ ਦਾ ਭੇਦ ਹੀ ਨਹੀਂ ਆਇਆ। ਇਸ ਨਿਕਟਤਾ ਦਾ ਭੇਦ, ਤੱਤ ਲਖਵੀ ਭੇਦ ਕੇਵਲ ਗੁਰਮਤਿ ਦੁਆਰਾ, ਸਤਿਗੁਰੂ ਲਖਾਏ ਤੱਥ-ਬੋਧ-ਗਿਆਨ ਦੁਆਰਾ ਹੀ ਪਾਇਆ ਜਾ ਸਕਦਾ ਹੈ। ਸਤਿਗੁਰੂ-ਲਖਾਏ ਇਸ ਤੱਤ-ਭੇਦ ਬਿਨਾਂ ਸਾਰੀ ਲੁਕਾਈ ਮਾਇਆ-ਮੁਹਾਈ ਹੀ ਫਿਰਦੀ ਹੈ।

ਉਂਜ ਕਹਿਣ ਮਾਤਰ ਨੂੰ ਤਾਂ ਬਥੇਰੇ ਕਹਿੰਦੇ ਫਿਰਦੇ ਹਨ ਕਿ ਪ੍ਰਮਾਤਮਾ ਹੈ ਅਤੇ ਨੇੜੇ ਹੀ ਹੈ, ਪਰ ਇਸ ਅਕਾਲ ਪੁਰਖ ਦੀ ਹੋਂਦ ਨਿਕਟਤਾ ਦਾ ਤੱਤ-ਭੇਦ ਤਿਨ੍ਹਾਂ ਵਿਰਲੇ ਗੁਰਮੁਖਾਂ ਨੂੰ ਹੀ ਆਇਆ ਹੈ ਜਿਨ੍ਹਾਂ ਨੇ ਸਚ-ਮੁਚ ਅਕਾਲ ਪੁਰਖ ਨੂੰ ਨੇੜੇ ਕਰ ਲਖਿਆ ਜਾਤਾ, ਪਰਤੱਖ ਪਛਾਤਾ ਹੈ।

ਅਕਾਲ ਪੁਰਖ ਦੀ ਅਖਾਉਤੀ ਹੋਂਦ ਮਨਾਉਤੀ ਵਾਲੀ ਲੁਕਾਈ ਜੇ ਮਨ, ਬਚ, ਕਰਮ ਕਰਕੇ ਸਚ ਮੁਚ ਅਕਾਲ ਪੁਰਖ ਦੀ ਹਸਤੀ ਨੂੰ ਮੰਨੇ ਤੇ ਨੇੜੇ ਕਰਕੇ ਪੇਖੇ-ਪਰਖੰਨੇ ਤਾਂ ਬਿਭਚਾਰ, ਬਦ-ਇਖ਼ਲਾਕੀ, ਚੋਰੀ, ਯਾਰੀ, ਠੱਗੀ, ਐਸ਼-ਇਸ਼ਰਤੀ ਬਿਖਿਆ ਪਸਰਗੀ, ਮਿਥਿਆ ਸਮੱਗਰੀ ਸੰਗ੍ਰਹਿਨ ਕਰਨ ਵਿਚ ਕਿਉਂ ਪ੍ਰਵਿਰਤ ਹੋਵੇ। ਇਸ ਬਿਖਿਆ ਠਗਉਰੀ ਦਾ ਠਗੀਰਿਆ ਹੋਇਆ, ਓਹ ਇਸ ਬਿਖਈ ਐਸ਼ ਇਸ਼ਰਤ ਵਿਚ ਤਾਂ ਹੀ ਲੱਥ-ਪੱਥ ਹੁੰਦਾ ਹੈ ਕਿ ਮੋਹ ਮਾਇਆ ਠਗਉਰੀ ਦੇ ਠਗੇ ਹੋਏ ਜੱਗ ਨੇ ਪਰਮੇਸ਼ਰ ਰੂਪੀ ਸੱਚੇ-ਅਫਸਰ ਨੂੰ ਸੰਗ ਕਰਕੇ ਨਹੀਂ ਜਾਣਿਆ, ਨਿਕਟਵਰਤੀ ਨਹੀਂ ਪਛਾਣਿਆ ਹੈ। ਬਾਝ ਗੁਰੂ ਸਭ ਜਗਤ ਬਉਰਾਨਿਆ, ਭਰਮ ਭੁਲਾਨਿਆ ਹੀ ਫਿਰਦਾ ਹੈ। ਗੁਰੂ ਘਰ ਅੰਦਰ ਗੁਰਮਤਿ ਗ੍ਰਹਿਣ ਕੀਤਿਆਂ ਹੀ ਇਹ ਸੱਚੀ ਸੂਝ-ਬੂਝ ਆਉਂਦੀ ਹੈ ਕਿ ਸਚ ਮੁਚ ਸਿਰ ਤੇ ਸਿਰਜਣਹਾਰ ਕਰਤਾਰ ਸਦਾ ਸੁਣਦਾ, ਪੇਖਦਾ, ਸਾਰੀਆਂ ਕਰਮ ਕਰਤੂਤਾਂ ਦਾ ਸ਼ਾਹਦਿ-ਹਾਲ ਹੈ।

ਸੰਸਾਰ ਉੱਤੇ ਜਿਤਨਾ ਭੀ ਕੂੜ-ਕੁਸੱਤ, ਝੂਠ ਬੋਲਣ ਦਰ ਭਰਮਾਰਾ, ਬਦ-ਕਿਰਦਾਰਾ ਹੈ, ਇਹ ਸਭ ਏਸੇ ਕਰਕੇ ਹੈ ਕਿ ਦਰ-ਅਸਲ ਸੰਸਾਰ ਦਾ ਸਮੁੱਚਾ ਲੋਕ-ਲੁਕਾਰਾ, ਪਰਮੇਸ਼ਰ ਦੀ ਹਸਤੀ ਮਈ ਹੋਂਦ, ਨਿਕਟੋਂਦ ਤੋਂ ਘੁਬ-ਘੁਬਾਰਾ ਹੋਇਆ ਅੰਧ ਵਰਤਾਰੇ ਵਿਚ ਖੱਚਤ ਹੈ। ਮਾਇਆ ਦਾ ਮਿਥਨ-ਮੁਹਾਰਾ ਭੀ ਏਸੇ ਮੂੜ੍ਹਤਾ ਦੇ ਕਾਰਨ ਹੈ ਕਿ ਸਭ ਖ਼ਤਕਾਰਾ ਨਾਸਤਕਤਾ ਮਈ ਅਗਿਆਨ ਦਾ ਮੁੱਠਾ-ਗਮਰੁੱਠਾ ਹੋਇਆ ਹੈ। ਇਸ ਅਗਿਆਨਤਾ ਦੇ ਕਾਰਨ ਅੱਵਲ ਤਾਂ ਰੱਬ ਨੂੰ ਕਈ ਮੰਨਦਾ ਹੀ ਨਹੀਂ, ਜੋ ਮੰਨਦਾ ਹੈ ਤਾਂ ਉਸ ਨੂੰ ਨਿਕਟ ਪਰਗਟ ਅਤੇ ਘਟ ਅੰਤਰਿ ਪਛਾਨਣ ਦੇ ਥਾਉਂ ਬਾਹਰ ਭਾਲਣ-ਭਟਕਾਲਣ ਢੂੰਡ-ਢੂੰਡਾਲਣ ਵਿਚ ਹੀ ਬਿਰਥਾ ਭੱਜਾ ਫਿਰਦਾ ਹੈ। ਵਾਹਿਗੁਰੂ ਨੂੰ ਅੰਤਰਿ ਭਾਲਣ-ਸੰਭਾਲਣ ਦਾ ਤੱਤ-ਗਿਆਨ ਕੇਵਲ ਸਤਿਗੁਰੂ ਦੁਆਰਾ ਹੀ ਪ੍ਰਾਪਤ ਹੋ ਸਕਦਾ ਹੈ। ਸੋ ਬਾਝ ਗੁਰੂ ਸਭ ਲੋਈ, ਲੋਕ ਲਕੋਈ, ਧੰਦੇ ਧੰਦੋਈ, ਖਪਤ ਖਪਤੋਈ ਹੋਈ ਫਿਰਦੀ ਹੈ।

ਜਿਨ੍ਹਾਂ ਗੁਰਮੁਖਾਂ ਦੇ ਮਸਤਕ ਲਿਲਾਟ ਮੱਥੇ ਸੱਚੇ ਸੁਹਾਗ ਦਾ ਸਭ ਲਖਣਾ ਭਾਗ ਲਿਖਿਆ ਹੁੰਦਾ ਹੈ, ਓਹਨਾਂ ਦੇ ਸਤਿਗੁਰੂ ਦੀ ਸੇਵਾ, ਭਾਵਨਾ, ਸਿਮਰਨ-ਅਭਿਆਸ-ਕਿਰਤ ਕਮਾਵਣ ਕਰਕੇ ਬੱਜਰ ਕਪਾਟ ਖੁੱਲ੍ਹ ਜਾਂਦੇ ਹਨ, ਬੱਸ! ਕਪਾਟ ਖੁੱਲ੍ਹਿਆਂ ਹੀ ਅਕਾਲ ਪੁਰਖ ਦੀ ਨਿਕਟਤਾ, ਅੰਤਰ ਬਾਹਰ ਮਉਜੂਦਤਾ ਲਖੀ ਜਾਂਦੀ ਹੈ। ਇਸ ਉਪਰਲੀ ਵਿਸਥਾਰ ਵਿਆਖਕਤਾ ਦੀ ਪ੍ਰੋੜਤਾ ਹੇਠ-ਲਿਖਿਆ ਗੁਰਵਾਕ ਕਿਆ ਖੂਬ ਕਰਦਾ ਹੈ, ਯਥਾ ਗੁਰਵਾਕ -

*ਨਿਕਟਿ ਬੁਝੈ ਸੋ ਬੁਰਾ ਕਿਉ ਕਰੈ॥*
*ਬਿਖੁ ਸੰਚੈ ਨਿਤ ਡਰਤਾ ਫਿਰੈ॥*
*ਹੈ ਨਿਕਟੇ ਅਰੁ ਭੇਦੁ ਨਾ ਪਾਇਆ॥*
*ਬਿਨੁ ਸਤਿਗੁਰ ਸਭ ਮੋਹੀ ਮਾਇਆ॥੧॥*
*ਨੇੜੈ ਨੇੜੈ ਸਭੁ ਕੋ ਕਹੈ॥*
*ਗੁਰਮੁਖਿ ਭੇਦੁ ਵਿਰਲਾ ਕੋ ਲਹੈ॥੧॥ਰਹਾਉ॥*
*ਨਿਕਟਿ ਨ ਦੇਖੈ ਪਰ ਗ੍ਰਿਹਿ ਜਾਇ॥*
*ਦਰਬੁ ਹਿਰੈ ਮਿਥਿਆ ਕਰਿ ਖਾਇ॥*
*ਪਈ ਠਗਉਰੀ ਹਰਿ ਸੰਗਿ ਨ ਜਾਨਿਆ॥*
*ਬਾਝੁ ਗੁਰੂ ਹੈ ਭਰਮਿ ਭੁਲਾਨਿਆ॥੨॥*
*ਨਿਕਟਿ ਨ ਜਾਨੈ ਬੋਲੈ ਕੂੜੁ॥*
*ਮਾਇਆ ਮੋਹਿ ਮੂਠਾ ਹੈ ਮੂੜੁ॥*
*ਅੰਤਰਿ ਵਸਤੁ ਦਿਸੰਤਰਿ ਜਾਇ॥*
*ਬਾਝੁ ਗੁਰੂ ਹੈ ਭਰਮਿ ਭੁਲਾਇ॥੩॥*
*ਜਿਸੁ ਮਸਤਕਿ ਕਰਮੁ ਲਿਖਿਆ ਲਿਲਾਟ॥*
*ਸਤਿਗੁਰੁ ਸੇਵੇ ਖੁਲੇ ਕਪਾਟ॥*
*ਅੰਤਰਿ ਬਾਹਰਿ ਨਿਕਟੇ ਸੋਇ॥*
*ਜਨ ਨਾਨਕ ਆਵੈ ਨ ਜਾਵੈ ਕੋਇ॥੪॥੩॥੧੬॥*

***ਅੰਗ - ੧੧੩੯***

ਵਾਹਿਗੁਰੂ ਦੀ ਨਿਕਟਤਾ, ਸਦਾ ਨੇਰੇ ਹੂੰ ਨੇਰਤਾ, ਇਸ ਗੁਰਵਾਕ ਦੁਆਰਾ ਸਪੱਸ਼ਟ ਸਤ-ਆਸਤਕਤਾ ਹੈ। ਨਿਗੁਰੇ, ਨਿਗੋਸਾਏ, ਨਾਮ-ਹੀਣੇ, ਨਕਟ-ਪੰਥੀਆਂ ਨੂੰ ਨਾ ਹੀ ਇਸ ਨਿਕਟਤਾ ਦੀ ਸੂਝ ਬੂਝ ਹੈ, ਨਾ ਹੀ ਅਕਾਲ ਪੁਰਖ ਦੀ ਹੋਂਦ ਤੇ ਨਿਸਚਾ ਹੈ। ਨਿਸਚੇ-ਵਿਹੂਣ ਨਾਸਤਕਤਾ ਹੀ ਨਾਸਤਕਤਾ ਵਿਆਪ ਰਹੀ ਹੈ, ਸਾਰੇ ਸੰਸਾਰ ਵਿਖੇ। ਅਕਾਲ ਪੁਰਖ ਨੂੰ ਸਦਾ ਹਜ਼ੂਰ, ਨਿਕਟ ਨਿਕਟੂਰ ਨ ਜਾਨਣ ਬੁਝਣ ਦੇਖਣ ਕਰਿ ਹੀ ਨਾਸਤਕਤਾ-ਗ੍ਰਸੇ ਸਾਕਤ ਪੁਰਸ਼ ਇਕ ਦੂਜੇ ਨਾਲ ਬੁਰਾਈ ਕਰ ਰਹੇ ਹਨ। ਏਕ ਸਿਉ ਲਿਵ ਲਾਵਣਹਾਰਿਆਂ ਨੇ ਹੀ ਇਹ ਭਰਮ ਰਿਦੰਤਰੋਂ ਚੁਕਾਇਆ ਹੈ, ਕਿਉਂਕਿ ਘਟ ਅੰਤਰਿ ਹੀ ਆਤਮ ਚੀਨਣ ਕਰਿ, ਉਹਨਾਂ ਨੂੰ ਸਦਾ ਹਾਜਰ ਅਤੇ ਨਿਕਟ ਨਿਕਟਾਜ਼ਰ ਹੀ ਵਾਹਿਗੁਰੂ ਪ੍ਰੀਤਮ ਪ੍ਰਤੱਖ ਦ੍ਰਿਸ਼ਟਿ ਆਇਆ ਹੈ ਅਤੇ ਦ੍ਰਿਸ਼ਟਿ ਆਵਣ ਕਰਿ ਤਿਨ੍ਹਾਂ ਸਗਲਾ ਭਰਮ ਚੁਕਾਇਆ ਹੈ। ਨਾਸਤਕਤਾ ਵਾਲੀ ਭ੍ਰਾਂਤੀ ਤਿਨ੍ਹਾਂ ਨੂੰ ਸੁਪਨੰਤ੍ਰ ਭੀ ਨਹੀਂ ਭਰਮਾਉਂਦੀ। ਤਾਂ ਤੇ ਉਹ ਪਰਪੰਚ ਪਸਾਰੇ ਦਾ ਮੋਹ-ਮਮਤਾਰਾ ਛੱਡ ਕੇ ਸਦਾ ਸਹਿਜ ਅਨੰਦੁ ਘਰਿ ਅਸਥਿਤ ਅਡੋਲ ਵਸਦੇ ਰਸਦੇ ਹਨ। ਉਹ ਬੁਰਾ ਕਰਨਹਾਰ ਨਾਲ ਭੀ ਭਲਾ ਹੀ ਕਰਦੇ ਹਨ। ਤਿਨ੍ਹਾਂ ਨੂੰ ਬੁਰਾ ਕੋਈ ਪ੍ਰਤੀਤ ਹੁੰਦਾ ਹੀ ਨਹੀਂ ਤੇ ਨਾ ਹੀ ਉਹ ਕਿਸੇ ਨੂੰ ਝੂਠਾ ਸਮਝ ਕੇ ਉਸ ਨਾਲ ਝਗੜਾ ਪਾਉਂਦੇ ਹਨ ਤੇ ਸੱਥ ਮਚਾਉਂਦੇ ਹਨ। ਸਤਿਗੁਰੂ ਨੂੰ ਮਿਲਣ ਕਰਕੇ ਤਿਨ੍ਹਾਂ ਨੂੰ ਨਵ-ਨਿਧ ਨਾਮ ਦੀ ਐਸੀ ਪ੍ਰਾਪਤੀ ਹੋਇ ਆਈ ਹੁੰਦੀ ਹੈ ਕਿ ਅਹਿਨਿਸ ਨਾਮ ਨਾਲ ਹੀ ਤਿਨ ਕੀ ਲਿਵ ਲੱਗੀ ਰਹਿੰਦੀ ਹੈ। ਰਸ ਜੋਤਿ ਵਿਗਾਸ ਦੇ ਅੰਤ੍ਰੀਵੀ ਹੁਲਾਸ ਸੇਤੀ ਵਿਗਸੇ ਵਿਗਸਾਏ ਹੋਏ, ਉਹ ਸਹਿਜ ਸੁਭਾਏ ਹੀ ਤਤ-ਰਸ ਨਾਮ ਦਾ ਵਿਲੋਵਨਾ ਹੀ ਬਿਲੋਵੰਦੇ ਰਹਿੰਦੇ ਹਨ, ਜਿਸ ਦੇ ਪਰਤਾਪ ਕਰਿ ਵਾਹਿਗੁਰੂ ਦੀ ਹਾਜ਼ਰ ਹਜ਼ੂਰਤਾ ਤਿਨ੍ਹਾਂ ਨੂੰ ਖਿਨ ਖਿਨ ਹੀ ਬਣੀ ਬਣਾਤੀ ਰਹਿੰਦੀ ਹੈ। ਯਥਾ ਗੁਰਵਾਕ -

*ਪਰਪੰਚੁ ਛੋਡਿ ਸਹਜ ਘਰਿ ਬੈਸਹੁ ਝੂਠਾ ਕਹਹੁ ਨ ਕੋਈ॥*
*ਸਤਿਗੁਰ ਮਿਲਹੁ ਨਵੈ ਨਿਧਿ ਪਾਵਹੁ ਇਨ ਬਿਧਿ ਤਤੁ ਬਿਲੋਈ ॥੨॥*
*ਭਰਮੁ ਚੁਕਾਵਹੁ ਗੁਰਮੁਖਿ ਲਿਵ ਲਾਵਹੁ ਆਤਮੁ ਚੀਨਹੁ ਭਾਈ॥*
*ਨਿਕਟਿ ਕਰਿ ਜਾਣਹੁ ਸਦਾ ਪ੍ਰਭੁ ਹਾਜਰੁ ਕਿਸੁ ਸਿਉ ਕਰਹੁ ਬੁਰਾਈ॥੩॥* ***ਅੰਗ - ੮੮੩***

ਹਰਿ-ਕੀਰਤਨ ਰਸ ਰੰਗ ਭੋਗਣਹਾਰਿਆਂ, ਗੁਰਮੁਖ ਜਨਾਂ ਨੂੰ ਵਾਹਿਗੁਰੂ ਸਿਰਜਨਹਾਰ ਸਦਾ ਹੀ ਨਿਕਟ ਦਿਸਦਾ ਹੈ। ਇਸ ਕਰਕੇ ਉਹ ਪਾਪ ਕਰਨੋਂ ਹਰ ਦਮ ਸੰਗਦੇ ਸੰਕੋਚਦੇ ਰਹਿੰਦੇ ਹਨ। ਤਿਨ੍ਹਾਂ ਐਸੈ ਆਸਤਕਾਂ, ਅਨਿੰਨ ਭਗਤਾਂ ਦੇ ਸਭ ਹੀ ਕਾਰਜ ਕਰਨਹਾਰ ਕਰਤਾਰ ਸੰਭਾਰਦਾ (ਸੰਵਾਰਦਾ) ਹੈ ਅਤੇ ਐਥੇ ਓਥੇ ਲੋਕ ਪਰਲੋਕ ਵਿਖੇ ਤਿਨ੍ਹਾਂ ਦੇ ਮੁਖ ਉਜਲਾਰਦਾ ਹੈ। ਯਥਾ ਗੁਰਵਾਕ -

*ਹਰਿ ਕੀਰਤਨੁ ਰਸ ਭੋਗ ਰੰਗੁ॥*
*ਮਨ ਪਾਪ ਕਰਤ ਤੂ ਸਦਾ ਸੰਗੁ॥*
*ਨਿਕਟਿ ਪੇਖੁ ਪ੍ਰਭੁ ਕਰਣਹਾਰ॥*
*ਈਤ ਊਤ ਪ੍ਰਭ ਕਾਰਜ ਸਾਰ॥੩॥*

***ਅੰਗ - ੧੧੮੩***

ਜਿਹੜੇ ਸਾਕਤ ਪੁਰਸ਼ ਅੱਖੀਆਂ ਹੁੰਦਿਆਂ, ਰਸਨਾ ਹੁੰਦਿਆਂ, ਕੰਨਾਂ ਹੁੰਦਿਆਂ ਅੰਨ੍ਹੇ ਗੂੰਗੇ ਬੋਲੇ ਹਨ, ਐਸੋ ਨਾਸਤਕਾਂ ਨੂੰ ਨਿਕਟ ਨੇੜੇ ਵਸਦਾ ਵਾਹਿਗੁਰੂ ਦੂਰ ਹੀ ਪਰਤੀਤ ਹੁੰਦਾ ਹੈ। ਤਾਂ ਤੇ ਇਹ ਉਸ ਵਾਹਿਗੁਰੂ ਦੀ ਨਿਕਟਤਾ ਦੀ ਪਰਤੀਤ ਵਿਹੂਣੇ ਪਾਪੀ ਹੀ ਪਾਪ ਕਮਾਉਂਦੇ ਹਨ। ਯਥਾ ਗੁਰਵਾਕ -

**'ਚਲਦਾ'**

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪੰਥ ਨੂੰ ਦੇਣ

ਭਾਈ ਸਾਹਿਬ ਰਣਧੀਰ ਸਿੰਘ ਜੀ ਉਨ੍ਹੀਵੀਂ ਸਦੀ ਦੇ ਆਦਰਸ਼ਕ ਗੁਰਸਿੱਖਾਂ ਵਿਚੋਂ ਹੋਏ ਹਨ। ਜੋਤਿ-ਪ੍ਰਕਾਸ਼ ਦੇ ਛੈਲ ਆਪ ਦੇ ਹਿਰਦੇ ਵਿਚ ਨਾਮ ਦਾ ਖੇੜਾ ਸਦਾ ਖਿੜਿਆ ਰਹਿੰਦਾ, ਤੇ ਨਾਮ ਦੀ ਲਾਲੀ ਚਿਹਰੇ ਤੇ ਝਲਕਾਂ ਮਾਰਦੀ ਸੀ। ਖਾਲਸਈ ਸ਼ਸਤਰਾਂ ਬਸਤਰਾਂ ਵਿਚ ਸਜੇ ਵਜੋਂ ਆਪ ਪੂਰੇ ਸੰਤ-ਸਿਪਾਹੀ ਸਨ। ਆਪ ਜੀ ਨੇ ਆਪਣੀਆਂ ਰੂਹਾਨੀ ਪ੍ਰਾਪਤੀਆਂ ਆਪਣੇ ਆਪ ਤਕ ਹੀ ਸੀਮਤ ਨਾ ਰਖੀਆਂ। ਪੂਰਨ ਗੁਰਮਤਿ ਅਨੁਸਾਰ ਵਿਚਰਨ ਅਤੇ ਨਾਮ-ਬਾਣੀ ਦੇ ਨਿਰਬਾਣ ਕੀਰਤਨ ਸਦਕਾ, ਆਪ ਜੀ ਨੂੰ "ਪੀਊ ਦਾਦੇ ਕਾ ਖੋਲਿ ਡਿਠਾ ਖਜਾਨਾ" ਵਾਲਾ ਸੁਭਾਗ ਪ੍ਰਾਪਤ ਹੋਇਆ। ਆਪ ਜੀ ਨੇ 'ਖਾਵਹਿ ਖਰਚਹਿ ਰਲਿ ਮਿਲਿ ਭਾਈ' ਗੁਰ-ਉਪਦੇਸ਼ ਤੇ ਅਮਲ ਕਰਦਿਆਂ ਹੋਇਆ, ਅੰਮ੍ਰਿਤ ਰਸ ਵਿਚ ਖੀਵੇ ਹੋ ਕੇ ਪਿੰਡ-ਪਿੰਡ ਸ਼ਹਿਰ-ਸ਼ਹਿਰ ਵਿਚ ਕੀਰਤਨ ਫੇਰੀ ਲਾਈ ਅਤੇ ਸਾਰੇ ਗੁਰਸਿਖ ਭਾਈਚਾਰੇ ਨੂੰ ਗੁਰ ਉਪਦੇਸ਼ ਦਾ ਢੰਡੋਰਾ ਦਿਤਾ - ਹਰਿ ਕੀਰਤਿ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥ (ਅੰਗ - ੬੪੨) ਗੁਰਬਾਣੀ ਦਾ ਕੀਰਤਨ ਕਲਜੁਗ ਵਿਚ ਨਿਜੀ ਅਤੇ ਸਮੂਹਕ ਆਤਮਿਕ ਕਲਿਆਣ ਲਈ ਇਕ ਸਫਲ ਸਾਧਨ ਹੈ; ਕਲਜੁਗ ਮਹਿ ਕੀਰਤਨੁ ਪਰਧਾਨਾ॥ ਗੁਰਮੁਖਿ ਜਪੀਐ ਲਾਇ ਧਿਆਨਾ॥ ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ॥ ਅੰਗ - ੧੦੭੫-੭੬ ਸੁਰਤਿ ਦੀ ਇਕਾਗਰਤਾ ਲਈ ਆਪ ਜੀ ਨੂੰ ਗੁਰਬਾਣੀ ਦਾ ਨਿਰਬਾਣ ਕੀਰਤਨ ਅਕਸੀਰ ਹੋ ਨਿਬੜਿਆ ਅਤੇ ਆਪ ਜੀ ਦੇ ਜੀਵਨ ਦਾ ਅਧਾਰ ਬਣ ਗਿਆ। ਇਸੇ ਕੀਰਤਨ ਦੀ ਭੂਛਲ ਹੀ ਆਪ ਜੀ ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਭਿਆਨਕ ਤਸੀਹੇ ਦਿਤੇ ਜਾਣ ਦੇ ਬਾਵਜੂਦ ਵੀ ਅਡੋਲ-ਬਿਰਤੀ ਰਹੇ ਅਤੇ ਗੁਰੂ ਪਾਤਸ਼ਾਹ ਦੇ ਬਿਖਮ ਭਾਣਿਆਂ ਵਿਚ ਵੀ ਚੜਦੀਆਂ ਕਲਾਂ ਵਿਚ ਵਿਚਰਦੇ ਰਹੇ। ਭਾਈ ਸਾਹਿਬ ੩੬-੩੬ ਘੰਟੇ ਲਗਾਤਾਰ ਦਿਵਸ ਸੁਹੇਲਿਆ ਤੇ ਰੈਣ-ਸਥਾਈਆਂ ਦੇ ਕੀਰਤਨ-ਅਖਾੜਿਆਂ ਵਿਚ ਅਖੰਡ ਚੌਂਕੜਾ ਜਮਾਈ ਕੀਰਤਨ ਵਿਚ ਲਿਵਲੀਨ ਹੋਏ, ਰੱਜਣ ਵਿਚ ਨਹੀਂ ਸੀ ਆਉਂਦੇ। ਇਕਾਗਰ ਚਿੱਤ ਹੋ ਕੇ ਪ੍ਰੇਮ ਰੰਗ ਵਿਚ ਰੰਗੀਜ ਕੇ ਗੁਰਬਾਣੀ ਗਾਉਣ ਨਾਲ ਸਾਧ ਸੰਗਤਿ ਵਿਚ ਅਕਥ ਕਹਾਣੀ॥੧੨॥ ਭਾਈ ਗੁਰਦਾਸ ਜੀ, ਵਾਰ ੨੯ ਵਾਲੀ ਕਲਾ-ਕਿਸਮੀ ਅਕਥ ਕਹਾਣੀ ਦਾ ਵਰਤਾਰਾ ਸੀ, ਜਿਸ ਕਰਕੇ ਆਪ ਦੇ ਨਿਕਟਵਰਤੀ ਸਿੰਘ ਸਿੰਘਣੀਆਂ ਅੰਦਰ ਕੀਰਤਨ ਕਰਨ ਸੁਣਨ ਦਾ ਇਸ਼ਕ ਪ੍ਰਬਲ ਹੋ ਜਾਗਿਆ। ਅਖੰਡ ਕੀਰਤਨੀ ਜਥਾ ਭਾਈ ਸਾਹਿਬ ਦੇ ਕੀਰਤਨ ਇਸ਼ਕ ਦੀ ਉਪਜ ਹੈ ਅਤੇ ਇਹ ਨਿਰਬਾਣ ਕੀਰਤਨ ਦੀ ਪ੍ਰਥਾ ਭਾਈ ਸਾਹਿਬ ਦੀ ਪੰਥ ਨੂੰ ਸਭ ਤੋਂ ਵੱਡੀ ਦੇਣ ਹੈ। ਆਪ ਜੀ ਦੀ ਪੰਥ ਨੂੰ ਦੂਜੀ ਵਡਮੁੱਲੀ ਦੇਣ ਹੈ। ਗੁਰਮਤਿ ਸਾਹਿਤ, ਜਿਥੇ ਆਪ ਜੀ ਦਾ ਸਾਰਾ ਜੀਵਨ ਸਿੱਖੀ ਸਿਦਕ, ਪ੍ਰੇਮ-ਰੰਗਾਂ, ਵੈਰਾਗ-ਤਰੰਗਾਂ ਤੇ ਤੱਤ ਗੁਰਮਤਿ ਦੇ ਅਸੂਲਾਂ ਦੀ ਦ੍ਰਿੜਤਾ ਨੂੰ ਪ੍ਰਗਟਾਉਣ ਵਾਲੇ ਅਨੇਕਾਂ ਕੌਤਕਾਂ ਨਾਲ ਭਰਿਆ ਪਿਆ ਹੈ ਉਥੇ ਆਪ ਜੀ ਦੀ ਲੇਖਣੀ ਤੋਂ ਲਿਖੀਆਂ ਗਈਆਂ ਗੁਰਮਤਿ ਪੁਸਤਕਾਂ ਵਿਚ ਤੱਤ ਗੁਰਮਤਿ ਅਸੂਲਾਂ ਨੂੰ ਬੜੇ ਸਪੱਸ਼ਟ ਰੂਪ ਵਿਚ ਨਿਰਣਾਇਆ ਗਿਆ ਹੈ । ਵੀਹਵੀਂ ਸਦੀ ਵਿਚ ਵਾਪਰ ਰਹੀ ਨਾਸਤਕਤਾ, ਪੱਛਮੀ ਵਿੱਦਿਆ ਅਤੇ ਮਾਇਆਵਾਦ ਦੀ ਹਨੇਰੀ ਵਿਚ ਅਲੋਪ ਹੁੰਦੀ ਜਾ ਰਹੀ ਗੁਰਮਤਿ ਨੂੰ ਸੁਰਜੀਤ ਤੇ ਉਜਾਗਰ ਕਰਨ ਹਿਤ ਆਪ ਜੀ ਦੀਆਂ ਇਹ ਪੁਸਤਕਾਂ, ਸਿਖ-ਜਗਤ ਨੂੰ ਮਹਾਨ ਦੇਣ ਹਨ। ਇਨ੍ਹਾਂ ਪੁਸਤਕਾਂ ਨੂੰ ਪੜ ਕੇ ਅਨੇਕਾਂ ਪ੍ਰਾਣੀਆਂ ਦੇ ਭਰਮ-ਛੌੜ ਕਟੇ ਗਏ ਅਤੇ ਗੁਰਮਤਿ ਵਲ ਪ੍ਰੇਰੇ ਗਏ, ਅਨੇਕਾਂ ਹੀ ਕੁਰਾਹੇ ਪਏ ਹੋਏ ਪ੍ਰਾਣੀਆਂ ਨੇ ਗੁਰਮਤਿ ਦੇ ਸੁਮਾਰਗ ਤੇ ਪੈ ਕੇ ਆਪਣੇ ਜੀਵਨ ਸੁਧਾਰ ਲਏ। ਇਨ੍ਹਾਂ ਪੁਸਤਕਾਂ ਦੀ ਪ੍ਰੇਰਨਾ ਸਦਕਾ ਅਨੇਕਾਂ ਜੀਉੜਾ ਅੰਮ੍ਰਿਤ ਛਕ ਕੇ ਨਾਮ-ਰਸੀਏ ਬਣ ਗਏ। ਆਪ ਜੀ ਦੀਆਂ ਇਹ ਪੁਸਤਕਾਂ ਰਹਿੰਦੀ ਦੁਨੀਆ ਤਕ ਆਉਣ ਵਾਲੀ ਪੰਥਕ ਪਨੀਰੀ ਨੂੰ ਗੁਰਮਤਿ ਚਾਨਣ-ਮੁਨਾਰਾ ਬਣ ਕੇ ਜੀਵਨ-ਸੇਧਾਂ ਤੇ ਰੋਸ਼ਨੀ ਦੇਂਦੀਆਂ ਰਹਿਣਗੀਆਂ।

# ਗੁਰੂ ਹਰਿ ਰਾਇ ਸਾਹਿਬ ਜੀ ਦੇ ਜੀਵਨ ਵਿਚੋਂ ਸਿਖ ਧਰਮ ਦੀ ਤਾਲੀਮ

*[(ਸਵਰਗਵਾਸੀ) ਪ੍ਰੋ. ਸਾਹਿਬ ਸਿੰਘ ਜੀ]*

ਗੁਰੂ ਹਰਿ ਰਾਇ ਸਾਹਿਬ ਦੀ ਕੋਈ 'ਬਾਣੀ' ਨਹੀਂ ਮਿਲਦੀ। ਉਨਾਂ ਦੇ ਜੀਵਨ ਵਿਚੋਂ ਕੁਝ ਸਾਖੀਆਂ ਮਿਲਦੀਆਂ ਹਨ, ਜਿਨ੍ਹਾਂ ਤੋਂ ਇਹ ਚਾਨਣਾ ਪੈ ਸਕਦਾ ਹੈ ਕਿ ਗੁਰੂ ਨਾਨਕ ਦੇਵ ਜੀ ਦੇ ਦੱਸੇ ਇਨਸਾਨੀ ਜੀਵਨ ਦੇ ਆਦਰਸ਼ ਨੂੰ ਪਰਫੁਲਤ ਕਰਨ ਲਈ ਉਹਨਾਂ ਕੀ ਕੁਝ ਕੀਤਾ ਸੀ।

## ਲੋੜਵੰਦਿਆਂ ਦੀ ਸਹਾਇਤਾ

ਗੁਰੂ ਹਰਿ ਰਾਇ ਸਾਹਿਬ ਦਾ ਹਿਰਦਾ ਅੱਤ ਦਰਜੇ ਦਾ ਕੋਮਲ ਸੀ। ਸਿੱਖ-ਇਤਿਹਾਸ ਵਿਚ ਇਕ ਥਾਂ ਜ਼ਿਕਰ ਆਉਂਦਾ ਹੈ ਕਿ ਛੋਟੀ ਉਮਰੇ ਇਕ ਦਿਨ ਆਪ ਕਲੀਆਂ ਵਾਲਾ ਕੁੜਤਾ ਪਾ ਕੇ ਬਗ਼ੀਚੇ ਵਿਚ ਟਹਿਲ ਰਹੇ ਸਨ, ਕੁੜਤੇ ਦੇ ਛੁਹਣ ਨਾਲ ਕੁਝ ਫੁੱਲ ਟਾਹਣੀਆਂ ਨਾਲੋਂ ਗਿਰ ਗਏ। ਉਸ ਦਿਨ ਤੋਂ ਸਦਾ ਆਪਣੇ ਪਹਿਨੇ ਕੱਪੜਿਆਂ ਨੂੰ ਧਿਆਨ ਨਾਲ ਸਾਂਭ-ਸਿਕਰ ਕੇ ਹੀ ਬਗ਼ੀਚੇ ਵਿਚ ਫਿਰਿਆ ਕਰਦੇ ਸਨ, ਤਾਕਿ ਕੋਈ ਕਲੀ ਡਿੱਗ ਨਾ ਪਏ ਜਿਸ ਹਿਰਦੇ ਵਿਚ ਫੁੱਲਾਂ ਵਾਸਤੇ ਇਤਨੀ ਕੋਮਲਤਾ ਸੀ, ਉਹ ਹਿਰਦਾ ਸੰਸਾਰ-ਬਗ਼ੀਚੇ ਦੇ ਜੀਵਾਂ ਵਾਸਤੇ ਤਾਂ ਪਿਆਰ ਨਾਲ ਨਕਾ-ਨੱਕ ਭਰਪੂਰ ਸੀ। ਆਪ ਕਈ ਅਮੋਲਕ ਦੁਰਲੱਭ ਦਵਾਈਆਂ ਸਦਾ ਆਪਣੇ ਪਾਸ ਰੱਖਣ ਦਾ ਪ੍ਰਬੰਧ ਕਰੀ ਰੱਖਦੇ ਸਨ, ਜਿਨ੍ਹਾਂ ਨਾਲ ਕਈ ਰੋਗੀਆਂ ਦੇ ਅਸਾਧ ਰੋਗ ਦੂਰ ਹੋ ਜਾਂਦੇ ਸਨ। ਸ਼ਾਹ ਜਹਾਨ ਦੇ ਵੱਡੇ ਪੁੱਤਰ ਦਾਰਾ ਸ਼ਿਕੋਹ ਨੂੰ ਭੀ ਜਦੋਂ ਖਾਣੇ ਵਿਚ ਸ਼ੇਰ ਦੀ ਮੁੱਛ ਦਾ ਵਾਲ ਖਵਾ ਦਿੱਤਾ ਗਿਆ ਸੀ, ਤਾਂ ਉਸ ਦੇ ਅਜੀਰਣ ਰੋਗ ਲਈ ਦਵਾਈ ਗੁਰੂ ਹਰਿ ਰਾਇ ਸਾਹਿਬ ਪਾਸੋਂ ਹੀ ਮਿਲੀ ਸੀ। ਦਾਰਾ ਸ਼ਿਕੋਹ ਕੁਝ ਪਹਿਲਾਂ ਹੀ ਮਹਾਤਮਾ ਲੋਕਾਂ ਦੀ ਸੰਗਤ ਕਰਨ ਦੇ ਸੁਭਾਵ ਵਾਲਾ ਸੀ, ਸਰੀਰਕ ਰੋਗ ਦੂਰ ਹੋਣ 'ਤੇ ਉਹ ਸਤਿਗੁਰੂ ਜੀ ਦਾ ਹੋਰ ਭੀ ਸ਼ਰਧਾਲੂ ਹੋ ਗਿਆ।

## ਗ਼ਰੀਬਾਂ ਨਾਲ ਨੇੜੇ ਦੀ ਸਾਂਝ

ਇਕ ਵਾਰੀ ਮਾਲਵੇ ਦੀ ਇਕ ਗ਼ਰੀਬ ਮਾਈ ਆਪਣੇ ਇਲਾਕੇ ਦੀ ਸੰਗਤ ਨਾਲ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਈ। ਮਾਈ ਗੁਰੂ ਹਰਿ ਰਾਇ ਸਾਹਿਬ ਵਾਸਤੇ ਖੱਦਰ ਦੀ ਇਕ ਚਾਦਰ ਲਿਆਈ ਅਤੇ ਉਹਨਾਂ ਨੂੰ ਛਕਾਣ ਵਸਤੇ ਘਰੋਂ ਰੋਟੀਆਂ ਭੀ ਪਕਾ ਲਿਆਈ। ਪਰ ਗੁਰੂ ਦੇ ਦਰਬਾਰ ਦੀ ਮਹਿਮਾ ਵੇਖ ਕੇ ਮਾਈ ਆਪਣੀ ਗ਼ਰੀਬੀ ਦਾਅਵੇ ਦੀਆਂ ਉਹ ਭੇਟਾਂ ਪੇਸ਼ ਕਰਨ ਤੋਂ ਝਕ ਗਈ। ਸਗੋਂ ਦੀਵਾਨ ਤੋਂ ਦੁਰੇਡੀ ਹੀ ਖਲੋਤੀ ਰਹੀ ਅਤੇ ਦਿਲ ਦੀ ਅਰਾਧਨਾ ਕਰਦੀ ਰਹੀ ਕਿ ਮੇਰੀ ਗ਼ਰੀਬਣੀ ਦੀ ਰੋਟੀ ਤੇ ਚਾਦਰ ਕਬੂਲ ਕਰੋ। ਗੁਰੂ ਹਰਿ ਰਾਇ ਸਾਹਿਬ ਲੌਢੇ ਪਹਿਰ ਦੀ ਸੈਰ ਵੇਲੇ ਉਚੇਚੇ ਉਸ ਪਾਸੇ ਵੱਲ ਚੱਲ ਪਏ, ਤੇ ਮਾਈ ਕੋਲ ਪਹੁੰਚ ਕੇ ਆਪ ਹੀ ਦੋਵੇਂ ਚੀਜ਼ਾਂ ਮੰਗ ਲਈਓ ਨੇ।

## ਗੁਰਬਾਣੀ ਵਾਸਤੇ ਸਤਿਕਾਰ ਤੇ ਸ਼ਰਧਾ

ਜੇ ਵਿਦਿਆਰਥੀ ਦੇ ਦਿਲ ਵਿਚ ਆਪਣੇ ਉਸਤਾਦ ਲਈ ਸਤਿਕਾਰ ਤੇ ਸ਼ਰਧਾ ਨਾ ਹੋਵੇ, ਤਾਂ ਉਸਤਾਦ ਦੀ ਦਿੱਤੀ ਤਾਲੀਮ ਉੱਤੇ ਉਸ ਦਾ ਯਕੀਨ ਨਹੀਂ ਬੱਝ ਸਕਦਾ। ਜੇ ਸਿੱਖ ਦੇ ਹਿਰਦੇ ਵਿਚ ਗੁਰੂ ਵਾਸਤੇ ਪ੍ਰੀਤ ਤੇ ਪ੍ਰਤੀਤ ਨਹੀਂ ਹੈ, ਤਾਂ ਉਹ ਗੁਰੂ ਦੇ ਦੱਸੇ ਰਾਹ ਉੱਤੇ ਨਹੀਂ ਤੁਰ ਸਕਦਾ। ਗੁਰੂ ਤੇ ਸਿਖ ਦਾ ਸੰਬੰਧ 'ਬਾਣੀ' ਦੀ ਰਾਹੀਂ ਹੀ ਪੈਂਦਾ ਹੈ। ਇਸ ਵਾਸਤੇ ਗੁਰਮਤਿ ਅਨੁਸਾਰ ਗੁਰੂ ਤੇ ਗੁਰੂ ਦੀ ਬਾਣੀ ਇਕ-ਰੂਪ ਹਨ। ਬਾਣੀ ਦਾ ਆਦਰ ਗੁਰੂ ਦਾ ਆਦਰ ਹੈ। ਹਰੇਕ ਗੁਰੂ-ਵਿਅਕਤੀ ਨੇ ਆਪੋ-ਆਪਣੇ ਸਮੇਂ ਸਿੱਖਾਂ ਦਾ ਧਿਆਨ ਇਸ ਪਾਸੇ ਵੱਲ ਖ਼ਾਸ ਤੌਰ 'ਤੇ ਦਿਵਾਇਆ ਹੈ। ਗੁਰੂ ਹਰਿ ਰਾਇ ਸਾਹਿਬ ਨੇ ਭੀ ਇਹ ਆਦਰਸ਼ ਸਦਾ ਸਾਹਮਣੇ ਰੱਖਿਆ।

ਇਕ ਦਿਨ ਲੌਢੇ ਪਹਿਰ ਮੰਜੇ ਉੱਤੇ ਸਤਿਗੁਰੂ ਜੀ ਲੇਟੇ ਹੋਏ ਸਨ, ਇਕ ਸਿੱਖ-ਜਥਾ ਦਰਸ਼ਨ ਲਈ ਆਇਆ। ਉਹ ਸਾਰੇ ਰਲ ਕੇ ਸ਼ਬਦ-ਕੀਰਤਨ ਕਰਦੇ ਆਉਂਦੇ ਸਨ। ਜਿਸ ਵੇਲੇ ਸਤਿਗੁਰੂ ਜੀ ਦੇ ਕੰਨੀਂ ਸ਼ਬਦ ਦੀ 'ਵਾਜ ਪਈ, ਉਹ ਉਸੇ ਵੇਲੇ ਬੜੀ ਕਾਹਲੀ ਨਾਲ ਮੰਜੇ ਤੋਂ ਥੱਲੇ ਉਤਰ ਆਏ, ਜਿਸ ਕਰਕੇ ਗੋਡੇ ਨੂੰ ਸੱਟ ਭੀ ਲੱਗ ਗਈ ਤੇ ਅਗਾਂਹ ਨੂੰ ਉਹਨਾਂ ਨੇ ਦਿਨ ਵੇਲੇ

ਮੰਜੇ ਉੱਤੇ ਲੇਟਣਾ ਬੰਦ ਕਰ ਦਿੱਤਾ। ਇਸ ਤਰ੍ਹਾਂ ਸ਼ਬਦ ਦੀ ਨਿਰਾਦਰੀ ਹੁੰਦੀ ਸੀ।

ਸਤਿਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਜੀ ਬੜੇ ਹੋਣਹਾਰ ਤੇ ਕਰਨੀ ਵਾਲੇ ਸਨ। ਪਰ ਜਦੋਂ ਔਰੰਗਜ਼ੇਬ ਵਲੋਂ ਮਿਲੇ ਆਦਰ-ਸਤਿਕਾਰ ਦੇ ਭਾਰ ਹੇਠ ਆ ਕੇ ਉਹਨਾਂ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਨਿੱਕੀ ਜਿਹੀ ਤਬਦੀਲੀ ਕਰ ਕੇ ਬਾਦਸ਼ਾਹ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਸਤਿਗੁਰੂ ਜੀ ਨੇ ਇਤਨੇ ਹੋਣਹਾਰ ਪੁੱਤਰ ਨਾਲੋਂ ਆਪਣਾ ਸੰਬੰਧ ਸਦਾ ਲਈ ਤੋੜ ਲਿਆ।

## ਸਿਖ ਧਰਮ ਦੇ ਪ੍ਰਚਾਰ ਲਈ ਉੱਦਮ

ਗੁਰੂ ਨਾਨਕ ਦੇਵ ਜੀ ਨੇ ਆਪਣੇ ਖ਼ਿਆਲਾਂ ਦਾ ਪ੍ਰਚਾਰ ਕਰਨ ਲਈ ਸਾਰੇ ਭਾਰਤ ਵਿਚ ਚੱਕਰ ਲਾਇਆ। ਬਾਹਰਲੇ ਦੇਸ਼ਾਂ ਵਿਚ ਭੀ ਗਏ। ਜਿਨ੍ਹਾਂ ਇਲਾਕਿਆਂ ਵਿਚ ਗੁਰੂ ਸਾਹਿਬ ਦੇ ਸਿੱਖਾਂ ਦੀ ਗਿਣਤੀ ਕਾਫ਼ੀ ਹੋ ਗਈ, ਉਹਨਾਂ ਨੂੰ ਗੁਰੂ ਅਮਰਦਾਸ ਜੀ ਨੇ 22 ਹਿੱਸਿਆਂ ਵਿਚ ਵੰਡ ਕੇ ਹਰੇਕ ਵਿਚ ਸਿੱਖ-ਧਰਮ ਦੇ ਪ੍ਰਚਾਰ ਲਈ 'ਮੰਜੀਆਂ' ਥਾਪੀਆਂ। ਜਿਉਂ ਜਿਉਂ ਸਿਖ ਕੌਮ ਵਧਦੀ ਗਈ, ਇਸ ਦੀ ਜਥੇਬੰਦੀ ਨੂੰ ਪੱਕਾ ਕਰਨ ਲਈ, ਤੇ ਹਰ ਪਹਿਲੂ ਤੋਂ ਇਸ ਨੂੰ ਸਹੀ ਇਨਸਾਨੀ ਆਦਰਸ਼ ਉੱਤੇ ਕਾਇਮ ਰੱਖਣ ਲਈ ਉੱਦਮ ਕੀਤੇ ਜਾਂਦੇ ਰਹੇ। ਗੁਰੂ ਅਰਜਨ ਸਾਹਿਬ ਨੇ ਹੋਰ ਪ੍ਰਚਾਰਕ ਮੁਕੱਰਰ ਕੀਤੇ, ਜੋ ਬਾਣੀ ਦੇ ਪ੍ਰਚਾਰ ਤੋਂ ਇਲਾਵਾ ਆਪੋ ਆਪਣੇ ਨਿਯਤ ਇਲਾਕੇ ਵਿਚੋਂ ਹਰੇਕ ਸਿਖ ਘਰਾਣੇ ਦੀ ਕਮਾਈ ਦਾ 'ਦਸਵੰਧ' ਭੀ ਗੁਰੂ ਪਾਸ ਲਿਆਉਂਦੇ ਸਨ। ਇਹਨਾਂ ਪ੍ਰਚਾਰਕਾਂ ਨੂੰ 'ਮਸੰਦ' ਨਾਮ ਨਾਲ ਸੱਦਿਆ ਜਾਂਦਾ ਸੀ।

ਪਰ ਸਹਿਜੇ ਸਹਿਜੇ ਕਈ ਮਸੰਦ ਆਪਣੀ ਜ਼ਿੰਮੇਵਾਰੀ ਨਿਬਾਹੁਣ ਵਿਚ ਢਿੱਲੇ ਹੁੰਦੇ ਗਏ। 'ਦਸਵੰਧ' ਦੀ ਮਾਇਆ ਦੇ ਅਸਰ ਹੇਠ ਆ ਕੇ ਇਹ ਕਮਜ਼ੋਰੀ ਆਉਣੀ ਕੁਦਰਤੀ ਸੀ। ਇਸ ਕਮੀ ਨੂੰ ਪੂਰਾ ਕਰਨ ਲਈ ਗੁਰੂ ਹਰਿ ਰਾਇ ਸਾਹਿਬ ਨੇ ਉਤਸ਼ਾਹ-ਭਰੇ ਅਤੇ ਹੋਰ ਨਵੇਂ ਪ੍ਰਚਾਰਕ ਥਾਪ ਦਿੱਤੇ। ਉਹਨਾਂ ਵਿਚੋਂ ਭਗਤ ਭਗਵਾਨ ਅਤੇ ਭਾਈ ਫੇਰੂ ਇਹ ਦੋ ਸਿਖ ਇਤਿਹਾਸ ਦੇ ਚਮਕਦੇ ਸਿਤਾਰੇ ਹਨ।

(1) ਭਗਤ ਭਗਵਾਨ ਬੋਧ ਗਇਆ ਦਾ ਸੰਨਿਆਸੀ ਮਹੰਤ ਸੀ। ਇਸ ਦਾ ਪਹਿਲਾ ਨਾਂ ਭਗਵਾਨ ਗਿਰ ਸੀ। ਇਸ ਨੇ ਕੀਰਤਪੁਰ ਆ ਕੇ ਗੁਰੂ ਹਰਿ ਰਾਇ ਸਾਹਿਬ ਦੇ ਦਰਸ਼ਨ ਕੀਤੇ, ਸਿਖ ਬਣਿਆ, ਤੇ ਬੜੀ ਸ਼ਰਧਾ ਵਾਲਾ ਸਿੱਖ ਬਣਿਆ। ਸਿਖ ਧਰਮ ਵਿਚ ਪਰਪੱਕ ਕਰ ਕੇ ਗੁਰੂ ਹਰਿ ਰਾਇ ਸਾਹਿਬ ਨੇ ਭਗਤ ਭਗਵਾਨ ਨੂੰ ਉਸਦੇ ਆਪਣੇ ਵਤਨ ਵੱਲ ਹੀ ਪ੍ਰਚਾਰ ਲਈ ਭੇਜ ਦਿੱਤਾ। ਇਸ ਦੇ ਆਪਣੇ ਪਹਿਲੇ ਸਾਧੂ ਭੀ ਸਿਖ ਬਣ ਗਏ, ਜਿਨ੍ਹਾਂਦੇ ਪਟਨੇ ਜ਼ਿਲ੍ਹੇ ਵਿਚ 360 ਡੇਰੇ ਹਨ। ਭਗਤ ਭਗਵਾਨ ਦੀ ਗੱਦੀ ਪਟਨੇ ਤੋਂ ਨੇੜੇ ਹੀ ਦਾਨਾਪੁਰ ਵਿਚ ਹੈ।

(2) ਭਾਈ ਫੇਰੂ ਕੀਰਤਪੁਰ ਦਾ ਇਕ ਹਟਵਾਣੀਆ ਸੀ, ਜਾਤ ਦਾ ਉਪੱਲ ਖੱਤਰੀ। ਸੰਗਤ ਦੀ ਲਾਗ ਨਾਲ ਗੁਰੂ ਹਰਿ ਰਾਇ ਸਾਹਿਬ ਦਾ ਸਿੱਖ ਬਣਿਆ, ਬੜੀ ਸ਼ਰਧਾ ਨਾਲ ਗੁਰੂ ਕੇ ਲੰਗਰ ਦੀ ਸੇਵਾ ਕਰਨ ਲੱਗਾ। ਆਖ਼ਰ ਸਤਿਗੁਰੂ ਜੀ ਨੇ ਇਸ ਨੂੰ ਇਸ ਯੋਗ ਵੇਖਿਆ ਕਿ ਸਿਖ-ਧਰਮ ਦਾ ਪ੍ਰਚਾਰ ਕਰ ਸਕੇ। ਲੰਮੇ ਦੇਸ ਦਾ ਪ੍ਰਚਾਰਕ (ਮਸੰਦ) ਬਣਾ ਕੇ ਭੇਜ ਦਿੱਤੇ ਤੇ ਲੰਗਰ ਚਲਾਣ ਦੀ ਖ਼ਾਸ ਤਾਕੀਦ ਕੀਤੀਓਨੇ। ਭਾਈ ਫੇਰੂ ਨੇ ਚੂਨੀਆਂ ਦੇ ਪਰਗਣੇ ਵਿਚ ਪਿੰਡ ਮੀਆਂ ਮੌੜ ਜਾ ਕੇ ਡੇਰਾ ਕੀਤਾ। ਉਸ ਬਾਹਰੇ ਵਿਚ ਭਾਈ ਫੇਰੂ ਜੀ ਦੇ ਲੰਗਰ ਦੀ ਬਹੁਤ ਮਹਿਮਾ ਤੇ ਸ਼ੋਭਾ ਸੀ।

ਜਦੋਂ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਮਸੰਦਾਂ ਦੀ ਆਮ ਬਦਖ਼ੋਈ ਹੋਣ ਲੱਗ ਪਈ, ਤਾਂ ਸਤਗੁਰੂ ਜੀ ਨੇ ਸਭ ਮਸੰਦਾਂ ਨੂੰ ਅਨੰਦਪੁਰ ਵਿਚ ਮੰਗਵਾਇਆ। ਭਾਈ ਫੇਰੂ ਜੀ ਭੀ ਹਾਜ਼ਰ ਹੋਏ। ਪਰ ਇਹਨਾਂ ਦੀ ਸੇਵਾ ਉੱਤੇ ਪ੍ਰਸੰਨ ਹੋ ਕੇ ਸਤਿਗੁਰੂ ਜੀ ਨੇ ਇਹਨਾਂ ਨੂੰ 'ਸੰਗਤਿ ਸਾਹਿਬ' ਦੀ ਪਦਵੀ ਬਖ਼ਸ਼ੀ। ਬਦਨਾਮ ਹੋਏ ਮਸੰਦਾਂ ਨੂੰ ਦਾੜ੍ਹੀਓਂ ਫੜ ਕੇ ਸਦਵਾਇਆ ਗਿਆ ਸੀ। ਭਾਈ ਫੇਰੂ ਜੀ ਦੇ ਉੱਚ-ਜੀਵਨ ਸਦਕਾ ਕੋਈ ਸਿਖ ਇਹਨਾਂ ਦੀ ਦਾੜ੍ਹੀ ਨੂੰ ਹੱਥ ਪਾਣ ਦਾ ਹੀਆ ਨਹੀਂ ਸੀ ਕਰਦਾ, ਇਸ ਵਾਸਤੇ ਇਹ ਆਪ ਹੀ ਆਪਣੀ ਦਾੜ੍ਹੀ ਨੂੰ ਹੱਥ ਵਿੱਚ ਫੜ ਕੇ ਹਾਜ਼ਰ ਹੋਏ ਸਨ। ਜਦੋਂ ਸਤਿਗੁਰੂ ਜੀ ਦੇ ਦਰਬਾਰ ਵਿਚ ਅਨੰਦਪੁਰ ਹਾਜ਼ਰ ਹੋਏ, ਤਾਂ ਸਤਿਗੁਰੂ ਜੀ ਨੇ ਆਦਰ-ਪਿਆਰ ਨਾਲ ਆਖਿਆ - ਆਓ, ਭਾਈ ਫੇਰੂ ਸੱਚੀ ਦਾੜ੍ਹੀ! ਤੁਸਾਂ ਦਾੜ੍ਹੀ ਦੀ ਲਾਜ ਰੱਖ ਲਈ ਹੈ, ਕਿਉਂਕ ਤੁਸੀਂ ਆਪਣੇ ਸੁੱਚੇ ਜੀਵਨ ਨਾਲ ਗੁਰਮਤਿ ਦਾ ਪ੍ਰਚਾਰ ਕਰ ਰਹੇ ਹੋ। ਦਸਵੰਧ ਦਾ ਹਿਸਾਬ ਲਿਖਣ ਵਾਲੇ ਮੁਨੀਮ ਨੇ ਕੋਲੋਂ ਆਖਿਆ ਕਿ ਭਾਈ ਫੇਰੂ ਨੇ ਕਦੇ ਆਪਣੇ ਇਲਾਕੇ ਦੀ ਸੰਗਤ ਦਾ ਦਸਵੰਧ ਇਥੇ ਨਹੀਂ ਭੇਜਿਆ। ਸਤਿਗੁਰੂ ਜੀ ਨੇ ਫ਼ੁਰਮਾਇਆ ਕਿ ਭਾਈ ਫੇਰੂ ਜੀ ਲੰਗਰ ਦੇ ਰਾਹੀਂ ਗ਼ਰੀਬਾਂ ਤੇ ਅੱਭਿਆਗਤਾਂ ਦੀ ਸੇਵਾ ਕਰ ਕੇ ਦਸਵੰਧ ਸਾਨੂੰ ਸਿੱਧਾ ਹੀ ਅਪੜਾ ਦੇਂਦੇ ਹਨ। ਗ਼ਰੀਬਾਂ ਦਾ ਮੂੰਹ ਗੁਰੂ ਕੀ ਗੋਲਕ ਹੈ।

ਭਾਈ ਫੇਰੂ ਜੀ ਦੀ ਸੰਪ੍ਰਦਾਇ ਦੇ ਉਦਾਸੀ ਸਿੱਖ 'ਗਤਿ ਸਾਹਿਬ' ਅਖਵਾਂਦੇ ਹਨ।

# ਨਾਨਕ ਤਿਨਾ ਬਸੰਤੁ ਹੈ ...

*[ਡਾ. ਸ਼ਮਸ਼ੇਰ ਸਿੰਘ ਜੀ]*

ਗੁਰਬਾਣੀ ਵਿਚ ਦਿਨ, ਵਾਰ, ਥਿੱਤਾਂ, ਰੁੱਤਾਂ, ਮਹੀਨਿਆਂ ਦਾ ਜ਼ਿਕਰ ਤਾਂ ਜ਼ਰੂਰ ਆਇਆ ਹੈ, ਪਰੰਤੂ ਇਹਨਾਂ ਰਾਹੀਂ ਮਨੁੱਖ ਨੂੰ ਆਤਮਕ ਗਿਆਨ ਪ੍ਰਦਾਨ ਕੀਤਾ ਗਿਆ ਹੈ। ਇਥੇ ਕੁਦਰਤ ਦਾ ਵਰਣਨ ਕਿਸੇ ਪ੍ਰਕਾਰ ਦੀ ਸਰਗੁਣੀ ਪੂਜਾ ਨਹੀਂ ਹੈ ਸਗੋਂ ਕੁਦਰਤ ਵਿਚ ਕਾਦਰ ਦਾ ਜਲਵਾ ਦੇਖ ਕੇ ਮਨੁੱਖ ਦੇ ਅੰਦਰਲੀ ਵਿਸਮਾਦ ਅਵਸਥਾ ਦਾ ਨਿਰੂਪਣ ਕੀਤਾ ਗਿਆ ਹੈ। ਕੁਦਰਤ ਦਾ ਖੇੜਾ ਮਨ ਨੂੰ ਪ੍ਰੇਰਨਾ ਦੇਣ ਵਾਲਾ ਦੱਸਿਆ ਹੈ। ਇੱਥੇ ਅਸੀਂ ਕੇਵਲ ਬਸੰਤ ਰੁੱਤ ਦਾ ਵਰਣਨ ਕਰਨਾ ਹੈ। ਗੁਰਬਾਣੀ ਵਿਚ ਬਸੰਤ ਰੁੱਤ ਮਨੁੱਖ ਦੇ ਆਤਮਕ ਖੇੜੇ ਨਾਲ ਸੰਬੰਧਿਤ ਹੈ।

ਮਨੁੱਖੀ ਜੀਵਨ ਦਾ ਮਨੋਰਥ ਆਤਮਕ ਅਨੰਦ ਪ੍ਰਾਪਤੀ ਕਰਨਾ ਹੈ। ਇਹ ਪ੍ਰਾਪਤੀ ਨਾਮ ਸਿਮਰਨ ਦੁਆਰਾ ਹੋ ਸਕਦੀ ਹੈ, ਹੋਰ ਕਿਸੇ ਕਰਮ, ਭਾਵ ਤਪ, ਤੀਰਥ ਰਟਨ ਆਦਿ ਕਰਮਾਂ ਦੇ ਕਮਾਉਣ ਦੁਆਰਾ ਨਹੀਂ। ਜਿਸ ਤਰ੍ਹਾਂ ਬਸੰਤ ਦਾ ਸਮਾਂ ਆਉਣ ’ਤੇ ਕੁਦਰਤ ਵਿਚ ਹਰਿਆਵਲ, ਸੁਗੰਧੀ ਤੇ ਬਹਾਰ ਆਉਂਦੀ ਹੈ ਪਰੰਤੂ ਕੁਝ ਬੂਟੇ ਫਿਰ ਵੀ ਸੁੱਕੇ ਹੀ ਰਹਿੰਦੇ ਹਨ। ਇਸੇ ਤਰ੍ਹਾਂ ਹੀ ਨਾਮ ਜਪਣ ਵਾਲਾ ਮਨੁੱਖ ਸਦਾ ਬਸੰਤ ਵਾਂਗ ਖਿੜਿਆ ਰਹਿੰਦਾ ਹੈ, ਸੰਗਤ ਵਿਚ ਗੁਰੂ ਦਾ ਉਪਦੇਸ਼ ਕਮਾਉਣ ਵਾਲਾ ਸਾਧਕ ਤਾਂ ਹਮੇਸ਼ਾ ਹੀ ਆਤਮਕ ਅਨੰਦ ਵਿਚ ਰਹਿੰਦਾ ਹੈ। ਬਸੰਤ ਰੁੱਤ ਤਾਂ ਸਾਲ ਅੰਦਰ ਕੇਵਲ ਲਗਭਗ ਦੋ ਮਹੀਨੇ ਹੀ ਰਹਿੰਦੀ ਹੈ ਜਦ ਕਿ ਨਾਮ-ਅਭਿਆਸੀ ਜੀਵ ਸਭ ਰੁੱਤਾਂ ਵਿਚ ਖਿੜਿਆ ਰਹਿੰਦਾ ਹੈ। ਉਸ ਦੇ ਆਤਮਕ ਖੇੜੇ ਦਾ ਭੇਦ ਪ੍ਰਭੂ ਦਾ ਅਸਲ ਚਿੰਤਨ ਹੁੰਦਾ ਹੈ। ਪ੍ਰਭੂ ਸਦਾ ਬਸੰਤ, ਭਾਵ ਸਦਾ ਖਿੜਿਆ ਰਹਿੰਦਾ ਹੈ। ਗੁਰਬਾਣੀ ਦਾ ਮਨੋਰਥ ਮੁਰਝਾਏ ਹੋਏ ਫੁਲਾਂ ਨੂੰ ਮੁੜ ਖਿੜਾਉਣਾ ਹੈ ਤੇ ਉਨ੍ਹਾਂ ਅੰਦਰ ਪਿਆਰ ਦੀ ਸੁਗੰਧੀ ਪੈਦਾ ਕਰਨਾ ਹੈ।

*ਮਾਹਾ ਰੁਤੀ ਮਹਿ ਸਦ ਬਸੰਤੁ ॥*
*ਜਿਤੁ ਹਰਿਆ ਸਭੁ ਜੀਅ ਜੰਤੁ ॥ ਅੰਗ - 1172*

ਬਸੰਤ ਰੁੱਤ ਕੁਦਰਤ ਅੰਦਰ ਹਰ ਪਾਸੇ ਖੇੜੇ ਲੈ ਕੇ ਆਉਂਦੀ ਹੈ। ਇਹ ਖੇੜਾ ਉਸ ਮਨੁੱਖ ਲਈ ਇਕ ਪ੍ਰੇਰਨਾ ਹੈ ਜਿਹੜਾ ਹਉਮੈ ਕਰਕੇ, ਪ੍ਰਭੂ ਤੋਂ ਦੂਰ ਹੋ ਕੇ, ਆਤਮਕ ਸੋਕੜੇ ਦਾ ਮਾਰਿਆ ਹੋਇਆ ਹੋਣ ਕਰੇ, ਆਤਮਕ ਪੱਖ ਤੋਂ ਕੁਮਲਾ ਕੇ ਨਿਰਾਸ ਹੋ ਗਿਆ ਹੈ। ਗੁਰਮੁਖਾਂ ਦੀ ਸੰਗਤ ਕਰ ਕੇ ਉਹ ਮੁੜ ਹਰਾ ਭਰਾ ਹੋ ਸਕਦਾ ਹੈ। ਗੁਰਬਾਣੀ ਦਾ ਇਹੀ ਮੰਤਵ ਹੈ ਕਿ ਮਨੁੱਖ ਦਾ ਇਹ ਮਨ ਮੌਲ ਪਵੇ। ਗੁਰਬਾਣੀ ਸਿੱਧੇ ਤੌਰ ’ਤੇ ਮਨੁੱਖ ਦੀ ਆਤਮਕ ਜਾਗਰਤੀ ਨਾਲ ਸੰਬੰਧਿਤ ਹੈ। ਗੁਰਬਾਣੀ ਅੰਦਰ ਬਸੰਤ ਰੁੱਤ ਨੂੰ ਮੁਬਾਰਕ ਆਖਿਆ ਗਿਆ ਹੈ ਕਿਉਂਕਿ ਇਸ ਰਾਹੀਂ ਮਨੁੱਖ ਨੂੰ ਇਕ ਐਸੀ ਅੰਦਰੂਨੀ ਪਰੇਰਨਾ ਮਿਲਦੀ ਹੈ ਕਿ ਉਹ ਪ੍ਰਭੂ ਨਾਮ ਵਿਚ ਰਤਾ ਰਹਿਣ ਲਈ ਉਤਾਵਲਾ ਹੁੰਦਾ ਹੈ। ਮਨੁੱਖ ਅਧਿਆਤਮਕ ਪੱਖ ਉੱਤੇ ਤੁਰਨ ਨਾਲ ਹੀ ਅੰਦਰੋਂ ਮੌਲ ਸਕਦਾ ਹੈ -

*ਬਨਸਪਤਿ ਮਉਲੀ ਚੜਿਆ ਬਸੰਤੁ ॥*
*ਇਹੁ ਮਨੁ ਮਉਲਿਆ ਸਤਿਗੁਰੂ ਸੰਗਿ ॥*
*ਅੰਗ - 1176*

*ਮਉਲੀ ਧਰਤੀ ਮਉਲਿਆ ਅਕਾਸੁ ॥*
*ਘਟਿ ਘਟਿ ਮਉਲਿਆ ਆਤਮ ਪ੍ਰਗਾਸੁ ॥*
*ਅੰਗ - 1193*

ਗੁਰਮੁਖਾਂ ਦੀ ਸੰਗਤ ਮਨੁੱਖ ਦੇ ਅੰਦਰ ਨਾਮ ਦੀ ਲਗਨ ਪੈਦਾ ਕਰਦੀ ਹੈ। ਨਾਮ ਸਿਮਰਨ ਨਾਲ ਹੀ ਅੰਦਰੋਂ ਅਨੰਦ ਤੇ ਵਿਵਹਾਰਕ ਜੀਵ ਵਿਚ ਖੇੜਾ ਆਉਂਦਾ ਹੈ। ਪ੍ਰਭੂ ਦੀ ਜੋਤ ਦਾ ਅੰਦਰ ਅੰਤਹਕਰਣ ਵਿਚ ਅਨੁਭਵ ਕਰਨ ਨਾਲ ਹੀ ਮਨੁੱਖੀ ਜੀਵਨ ਵਚ ਖੇੜਾ (ਬਸੰਤ) ਆ ਸਕਦਾ ਹੈ। ਸੰਸਾਰ ਦੇ ਜੀਵ ਤ੍ਰਿਸ਼ਨਾ ਦੀ ਅਗਨੀ

ਵਿਚ ਸੜ ਕੇ ਸੁਆਹ ਹੋ ਰਹੇ ਹਨ। ਉਨ੍ਹਾਂ ਦੇ ਮਨਾਂ ਅੰਦਰ ਮਾਇਆ ਦੇ ਭਰਮ, ਦੁਬਿਧਾਵਾਂ ਨੇ ਜੀਵਨ ਨੂੰ ਰੁੱਖਾ ਤੇ ਖੁਸ਼ਕ ਕਰ ਰੱਖਿਆ ਹੈ। ਇਹ ਰੁੱਤ, ਭਾਵ ਇਹ ਮਨੁੱਖੀ ਜੀਵਨ ਦਾ ਸਮਾਂ ਨਾਮ ਤੇ ਹਰੇ ਭਰੇ ਹੋਣ ਦਾ ਭਾਵ ਅਨੰਦ ਪ੍ਰਾਪਤ ਕਰਨ ਦਾ ਹੈ। ਗੁਰਬਾਣੀ ਆਤਮ ਮਾਰਗ ਹੈ ਜੋ ਬਾਹਰ ਦੀ ਭਟਕਣਾ ਦਾ ਤਿਆਗ ਕਰਨ ਲਈ ਹੀ ਪ੍ਰੇਰਨਾ ਦੇ ਰਿਹਾ ਹੈ। ਮਨ ਅੰਦਰ ਜਦੋਂ ਫੁਰਨਿਆਂ ਦਾ ਅੰਤ ਹੋ ਜਾਂਦਾ ਹੈ ਤਾਂ ਸੁਰਤ ਨਾਮ-ਸਿਮਰਨ ਵਿੱਚ ਟਿਕ ਜਾਂਦੀ ਹੈ। ਫਿਰ ਬਸੰਤ ਦੀ ਰੁੱਤ ਵਿਚ ਸਦੀਵੀ ਅਨੰਦ ਜੋ ਅੰਮ੍ਰਿਤ ਫਲ ਵਾਂਗ ਹੁੰਦਾ ਹੈ, ਦੀ ਪ੍ਰਾਪਤੀ ਹੁੰਦੀ ਹੈ। ਇਹ ਅਨੰਦ ਸਦਾ ਬਹਾਰ, ਸਦੀਵੀ ਖੇੜੇ ਵਾਂਗ ਹੁੰਦਾ ਹੈ। ਮਨੁੱਖ ਆਪਣੀਆਂ ਕਮਜ਼ੋਰੀਆਂ ਤੋਂ ਮੁਕਤ ਹੋ ਕੇ ਦੈਵੀ ਗੁਣਾਂ ਦਾ ਮਾਲਕ ਬਣ ਜਾਂਦਾ ਹੈ। ਗੁਰੂ ਸਾਹਿਬਾਨ ਵਾਹਿਗੁਰੂ ਨੂੰ ਅਨੁਭਵ ਕਰ ਕੇ ਆਪਣੀ ਪਵਿੱਤਰ ਰਚਨਾ ਦੁਆਰਾ ਸੁੱਕੇ ਹੋਏ ਸੰਸਾਰੀ ਲੋਕਾਂ ਨੂੰ ਹਰਾ ਭਰਾ ਕਰਨ ਲਈ ਉਪਦੇਸ਼ ਦ੍ਰਿੜ ਕਰਾ ਰਹੇ ਹਨ-

*ਹਰਿ ਕਾ ਨਾਮੁ ਧਿਆਇ ਕੈ ਹੋਹੁ ਹਰਿਆ ਭਾਈ॥*
*ਕਰਮਿ ਲਿਖੰਤੈ ਪਾਈਐ ਇਹ ਰੁਤਿ ਸੁਹਾਈ॥*
*ਵਣੁ ਤ੍ਰਿਣੁ ਤ੍ਰਿਭਵਣੁ ਮਉਲਿਆ ਅੰਮ੍ਰਿਤ ਫਲੁ ਪਾਈ॥*
*ਮਿਲਿ ਸਾਧੂ ਸੁਖੁ ਊਪਜੈ ਲਥੀ ਸਭ ਛਾਈ॥*
*ਨਾਨਕੁ ਸਿਮਰੈ ਏਕੁ ਨਾਮੁ ਫਿਰਿ ਬਹੁੜਿ ਨ ਧਾਈ॥*
*ਅੰਗ - 1193*

ਕੁਦਰਤ ਦਾ ਖੇੜਾ ਤਾਂ ਸਭ ਹਰੀ ਦੇ ਖੇੜੇ ਕਰਕੇ ਹੈ। ਹਰੀ ਪਰਮਾਤਮਾ ਤਾਂ ਸਦਾ ਖਿੜਿਆ ਰਹਿੰਦਾ ਹੈ। ਬਸੰਤ ਰੁੱਤ ਦੇ ਖੇੜੇ ਤੋਂ ਸਾਨੂੰ ਹਰੀ ਦੀ ਯਾਦ ਆਉਣੀ ਚਾਹੀਦੀ ਹੈ। ਲੇਕਿਨ ਅਸੀਂ ਹਰੀ ਨੂੰ ਰਸਮੀ ਤੌਰ 'ਤੇ ਪਾਠ-ਪਠਨ ਰਾਹੀਂ ਹੀ ਯਾਦ ਕਰਦੇ ਹਾਂ। ਪ੍ਰਭੂ ਨਾਲ ਮੇਲ ਸਰੀਰਕ ਨਹੀਂ, ਆਤਮਕ ਹੁੰਦਾ ਹੈ। ਇਹੀ ਮੇਲ ਆਤਮਕ ਖਿੜਾਓ ਦਾ ਸਾਧਨ ਹੈ। ਇਸ ਸਾਧਨ ਰਾਹੀਂ ਹੀ ਅੰਤਰ-ਆਤਮ ਕੰਤ ਦਾ ਵਾਸਾ ਲੱਭ ਸਕਦਾ ਹੈ -

*ਪਹਿਲ ਬਸੰਤੈ ਆਗਮਨਿ ਪਹਿਲਾ ਮਉਲਿਓ ਸੋਇ॥*
*ਜਿਤੁ ਮਉਲਿਐ ਸਭ ਮਉਲੀਐ ਤਿਸਹਿ ਨ ਮਉਲਿਹੁ ਕੋਇ॥* *ਅੰਗ - 791*

*ਨਾਨਕ ਤਿਨਾ ਬਸੰਤੁ ਹੈ,*
*ਜਿਨ ਘਰਿ ਵਸਿਆ ਕੰਤੁ॥*
*ਜਿਨ ਕੇ ਕੰਤ ਦਿਸਾਪੁਰੀ ਸੇ ਅਹਿਨਿਸਿ ਫਿਰਹਿ ਜਲੰਤ॥* *ਅੰਗ - 791*

ਗੁਰਬਾਣੀ ਆਤਮ-ਜਗਿਆਸੂਆਂ ਨੂੰ ਬਾਹਰੀ ਖੇੜੇ ਤੇ ਬਾਹਰੀ ਮਿਲਾਪ ਤੋਂ ਉਪਰ ਉੱਠ ਕੇ ਅੰਤਰ-ਆਤਮੇ ਦੇ ਮੇਲ ਲਈ ਪ੍ਰੇਰਨਾ ਕਰਦੀ ਹੈ। ਇਸ ਦੇ ਅਨੁਭਵੀ ਬਚਨਾਂ ਨੇ ਬਹੁਤ ਸਾਰੇ ਲੋਕਾਂ ਨੂੰ ਬਾਹਰਮੁਖਤਾ ਤੋਂ ਅੰਤਰਮੁਖਤਾ ਵੱਲ ਪ੍ਰੇਰਨਾ ਕੀਤੀ ਹੈ। ਅੰਤਰ-ਆਤਮੇ ਦਾ ਮਿਲਾਪ ਕਦੀ ਵਿਛੋੜੇ ਦਾ ਕਾਰਨ ਨਹੀਂ ਬਣਦਾ -

*ਮਿਲਿਐ ਮਿਲਿਆ ਨਾ ਮਿਲੈ,*
*ਮਿਲੈ ਮਿਲਿਆ ਜੇ ਹੋਇ॥*
*ਅੰਤਰ ਆਤਮੈ ਜੋ ਮਿਲੈ ਮਿਲਿਆ ਕਹੀਐ ਸੋਇ॥*
*ਅੰਗ - 791*

ਪ੍ਰਭੂ ਬਸੰਤ ਰੁੱਤ ਤੋਂ ਪਹਿਲਾਂ ਦਾ ਹੀ, ਭਾਵ ਸਦੀਵੀ ਹੈ ਉਹ ਹੀ ਪਹਿਲਾ ਖਿੜਿਆ ਹੋਇਆ ਹੈ। ਉਸ ਦੇ ਖਿੜਨ ਨਾਲ ਹੀ ਸਾਰੀ ਸ੍ਰਿਸ਼ਟੀ ਖਿੜਦੀ ਹੈ। ਪ੍ਰਭੂ ਦੇ ਖਿੜਨ ਦਾ ਕਾਰਨ ਕੋਈ ਹੋਰ ਸ਼ਕਤੀ ਨਹੀਂ ਹੈ, ਉਹ ਆਪਣੇ ਆਪ ਤੋਂ ਖਿੜਦਾ ਹੈ ਤੇ ਸਾਰੀ ਕੁਦਰਤ ਅੰਦਰ ਖੇੜੇ ਦਾ ਕਾਰਨ ਵੀ ਉਹੋ ਹੈ। ਗੁਰੂ ਸਾਹਿਬ ਉਪਦੇਸ਼ ਕਰਦੇ ਹਨ ਕਿ ਉਸ ਪ੍ਰਭੂ ਦੇ ਗੁਣਾਂ ਦੀ ਵੀਚਾਰ ਕਰੋ ਜੋ ਹਮੇਸ਼ਾ ਖਿੜਿਆ ਰਹਿੰਦਾ ਹੈ। ਉਸ ਪ੍ਰਭੂ ਨੂੰ ਸਿਮਰਨਾ ਚਾਹੀਦਾ ਹੈ ਜੋ ਸਭ ਦਾ ਆਸਰਾ ਹੈ, ਸਾਰਾ ਜਗਤ ਉਸ ਦੇ ਆਸਰੇ ਮਉਲਦਾ ਹੈ। ਗੁਰੂ ਸਾਹਿਬ ਨੇ ਬਸੰਤ ਰੁੱਤ ਦਾ ਆਤਮੀਕਰਨ ਕੀਤਾ ਹੈ। ਜਿਨ੍ਹਾਂ ਜੀਵ ਇਸਤਰੀਆਂ ਦਾ ਪ੍ਰਭੂ ਪਤੀ ਉਨ੍ਹਾਂ ਦੇ ਹਿਰਦੇ ਰੂਪੀ ਘਰ ਵਿਚ ਵਸਦਾ ਹੈ, ਉਨ੍ਹਾਂ ਦੇ ਭਾਣੇ ਸਦਾ ਬਸੰਤ ਹੈ, ਉਨ੍ਹਾਂ ਦੇ ਹਿਰਦੇ ਵਿਚ ਹਮੇਸ਼ਾ ਖੇੜਾ ਹੈ। ਜਿਨ੍ਹਾਂ ਦੇ ਖਸਮ ਘਰ ਨਹੀਂ, ਪਰਦੇਸ ਗਏ ਹੋਏ ਹਨ, ਭਾਵ ਵਾਹਿਗੁਰੂ ਹਿਰਦੇ ਵਿਚ ਨਹੀਂ ਵਸਿਆ, ਉਨ੍ਹਾਂ ਲਈ ਹਮੇਸ਼ਾ ਪੱਤਝੜ ਹੈ, ਨਿਰਾਸ਼ਾ ਹੈ।

ਗੁਰਬਾਣੀ ਨੇ ਕੁਦਰਤ ਵਚ ਕਾਦਰ ਦਾ ਜਲਵਾ ਦੇਖਣ ਅਤੇ ਪਿਆਰ ਕਰਨ ਦਾ ਉਪਦੇਸ਼ ਦਿੱਤਾ ਹੈ। ਕੁਦਰਤ ਦੇ ਖੇੜੇ ਤੋਂ ਮਨੁੱਖ ਦੀ ਮਾਨਸਿਕ ਅਵਸਥਾ ਅੰਦਰ ਜੋ ਵਿਕਾਸ ਦੀ ਭਾਵਨਾ ਹੈ, ਉਸ ਦਾ ਪ੍ਰਗਟਾਵਾ ਕੀਤਾ ਹੈ। ਇਹ ਪ੍ਰਗਟਾਵਾ ਵੱਖੋ-ਵੱਖਰੀਆਂ ਰੁੱਤਾਂ ਦੇ ਵਰਣਨ ਦੇ ਨਾਲ-ਨਾਲ, ਆਤਮਕ ਖੇੜਾ, ਸੰਤੁਸ਼ਟੀ ਅਤੇ ਪ੍ਰੇਰਨਾ ਦਾ ਸ੍ਰੋਤ ਹੈ। ਕੁਦਰਤ ਨੂੰ ਦੇਖਣ-ਮਾਣਨ ਉਪਰੰਤ ਮਨ ਦੀ ਸਥਿਰਤਾ ਇਕ ਅਹਿਮ ਪ੍ਰਾਪਤੀ ਹੈ।

# ਸ੍ਰੀ ਗੁਰੂ ਹਰਿ ਰਾਇ ਜੀ
## (14 ਫਰਵਰੀ ਪ੍ਰਕਾਸ਼ ਦਿਵਸ ’ਤੇ)

*[ਭਾਈ ਰਮੇਸ਼ ਬੱਗਾ ਚੋਹਲਾ ਜੀ, ਲੁਧਿਆਣਾ]*

ਸਿੱਖ ਧਰਮ ਬਾਕੀ ਧਰਮਾਂ ਨਾਲੋਂ ਉਮਰ ਵਿੱਚ ਬੇਸ਼ੱਕ ਕੁੱਝ ਛੁਟੇਰਾ ਹੈ, ਪਰ ਇਸ ਦੇ ਪੈਗੰਬਰਾਂ/ਗੁਰੂਆਂ ਵੱਲੋਂ ਮਨੁੱਖੀ ਆਤਮਾ ਦੇ ਵਿਕਾਸ ਹਿੱਤ ਜੋ ਫਿਲਾਸਫੀ ਦਿੱਤੀ ਗਈ ਹੈ, ਉਹ ਸਰਲਤਾ, ਸਹਿਜਤਾ ਅਤੇ ਸਮਾਜਿਕਤਾ ਦੇ ਕਾਫੀ ਨੇੜੇ ਹੈ। ਸਿੱਖੀ ਅਸਲ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਪ੍ਰਚਾਰੀ ਅਤੇ ਪ੍ਰਸਾਰੀ ਇੱਕ ਅਜਿਹੀ ਜੀਵਨ ਜਾਂਚ ਹੈ, ਜਿਸ ਨੂੰ ਅਪਣਾ ਕੇ ਕੋਈ ਵੀ ਵਿਅਕਤੀ ਜਿੱਥੇ ਆਪਣੀਆਂ ਸਮਾਜਿਕ ਜ਼ਿੰਮੇਵਾਰੀਆਂ ਨੂੰ ਸਫਲਤਾ ਪੂਰਵਕ ਨਿਭਾਅ ਸਕਦਾ ਹੈ, ਉੱਥੇ ਪਰਮ ਪਿਤਾ ਦੀ ਨੇੜ੍ਹਤਾ ਦਾ ਨਿੱਘ ਵੀ ਮਾਣ ਸਕਦਾ ਹੈ। ਗੁਰੂ ਸਾਹਿਬਾਨ ਨੇ ਇੱਕ ਅਜਿਹੀ ਉੱਚੀ ਤੇ ਸੁੱਚੀ ਵਿਚਾਰਧਾਰਾ ਮਨੁੱਖਤਾ ਨੂੰ ਬਖਸ਼ੀ ਹੈ, ਜੋ ਧਰਮ ਦੇ ਪਿੜ ਵਿਚਲੇ ਕਰਮਕਾਂਡੀ ਵਿਵਹਾਰ ਨੂੰ ਰੱਦ ਕਰਕੇ ਨਿਰੋਲ ਪ੍ਰੇਮ ਪੂਰਵਕ ਵਿਧਾਨ ਦਾ ਪੱਖ ਪੂਰਦੀ ਹੈ। ਇਸ ਵਿਧਾਨ ਦੀ ਪੁਸ਼ਟੀ ਜਿੱਥੇ ਦਸ ਪਾਤਸ਼ਾਹੀਆਂ ਨੇ ਆਪੋ-ਆਪਣੇ ਸਮਿਆਂ ਵਿੱਚ ਕੀਤੀ ਹੈ, ਉੱਥੇ ਉਨ੍ਹਾਂ ਭਗਤਾਂ, ਭੱਟਾਂ ਅਤੇ ਗੁਰੂ ਘਰ ਦੇ ਨਿਕਟਵਰਤੀਆਂ ਦਾ ਵੀ ਰੱਜਵਾਂ ਸਤਿਕਾਰ ਕੀਤਾ ਹੈ, ਜਿਨ੍ਹਾਂ ਦੀ ਅਧਿਆਤਮਕ ਸੋਚ ਇਸ ਵਿਧਾਨ ਦੇ ਨੇੜੇ ਲੱਗਦੀ ਸੀ। ਦਸ ਗੁਰੂ ਸਾਹਿਬਾਨ ਨੇ ਆਪਣੇ-ਆਪਣੇ ਢੰਗ ਤਰੀਕਿਆਂ ਨਾਲ ਜਿੱਥੇ ਭਾਓ-ਭਗਤੀ ਦੇ ਵਿਧਾਨ ਨੂੰ ਸਾਰਥਿਕਤਾ ਪ੍ਰਦਾਨ ਕੀਤੀ ਹੈ, ਉੱਥੇ ਮਨੁੱਖੀ ਕਦਰਾਂ-ਕੀਮਤਾਂ ਦੀ ਵੀ ਡੱਟ ਕੇ ਪਹਿਰੇਦਾਰੀ ਕੀਤੀ ਹੈ। ਇਸ ਪਹਿਰੇਦਾਰੀ ਲਈ ਸੱਤਵੇਂ ਨਾਨਕ ਸਾਹਿਬ ਸ੍ਰੀ ਗੁਰੂ ਹਰਿਰਾਏ ਜੀ ਦਾ ਨਾਮ ਵੀ ਧੰਨਤਾ ਦੇ ਯੋਗ ਹੈ।

ਗੁਰੂ ਨਾਨਕ ਪਾਤਸ਼ਾਹ ਦੀ ਸੱਤਵੀਂ ਜੋਤ ਸ੍ਰੀ ਹਰਿ ਰਾਏ ਸਾਹਿਬ ਜੀ ਦਾ ਜਨਮ ੧੯ ਜਨਵਰੀ ੧੬੩੦ ਈ. ਨੂੰ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਵੱਡੇ ਫਰਜੰਦ ਬਾਬਾ ਗੁਰਦਿੱਤਾ ਜੀ ਅਤੇ ਮਾਤਾ ਨਿਹਾਲ ਕੌਰ ਦੀ ਕੁੱਖੋਂ ਕੀਰਤਪੁਰ ਸਾਹਿਬ (ਹੁਸ਼ਿਆਰਪੁਰ) ਵਿੱਚ ਹੋਇਆ। ਗੁਰੂ ਸਾਹਿਬ ਦੇ ਬਚਪਨ ਦਾ ਸਮਾਂ ਕੀਰਤਪੁਰ ਸਾਹਿਬ ਵਿਖੇ ਹੀ ਬੀਤਿਆ। ਜਦੋਂ ਆਪ ੮ ਕੁ ਸਾਲ ਦੇ ਹੋਏ, ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਗੁਰਪੁਰੀ ਪਿਆਨਾ ਕਰ ਗਏ। ਉਮਰ ਦੇ ਅਗਲੇਰੇ ੧੦ ਸਾਲ ਆਪ ਜੀ ਨੇ ਆਪਣੇ ਦਾਦਾ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਦੀ ਨਜ਼ਰਸਾਨੀ ਹੇਠ ਬਤੀਤ ਕੀਤੇ। ਇਸ ਨਜ਼ਰਸਾਨੀ ਸਦਕਾ ਹੀ ਆਪ ਦੇ ਵਿਅਕਤੀਤਵ ਵਿੱਚ ਦਾਦਾ ਗੁਰੂ ਵਾਲੀਆਂ ਸਿਫਤਾਂ ਪ੍ਰਤੀਬਿੰਬ ਹੁੰਦੀਆਂ ਰਹੀਆਂ ਹਨ।

ਗੁਰੂ ਹਰਿਰਾਏ ਸਾਹਿਬ ਨੇ ਆਪਣੀ ਪ੍ਰਾਇਮਰੀ ਤਾਲੀਮ ਭਾਈ ਦਰਗਾਹ ਮੱਲ ਤੋਂ ਹਾਸਲ ਕੀਤੀ ਅਤੇ ਸ਼ਸਤਰ ਕਲਾ ਭਾਈ ਬਿਧੀ ਚੰਦ ਛੀਨਾ ਤੋਂ ਗ੍ਰਹਿਣ ਕੀਤੀ। ਆਪ ਜੀ ਦੀ ਵਿਸ਼ੇਸ਼ ਲਗਨ ਅਤੇ ਮਿਹਨਤ ਅਤੇ ਉਸਤਾਦਾਂ ਦੀ ਸੰਜੀਦਗੀ ਕਾਰਨ ਹੀ ਆਪ ੧੩-੧੪ ਸਾਲ ਦੀ ਉਮਰ ਤੱਕ ਸ਼ਸ਼ਤਰ ਅਤੇ ਸ਼ਾਸਤਰ ਸਿੱਖਿਆ ਵਿੱਚ ਬਰਾਬਰਤਾ ਨਾਲ ਮੁਹਾਰਤ ਪ੍ਰਾਪਤ ਕਰ ਗਏ। ਆਪ ਜੀ ਦੇ ਉਸਤਾਦਾਂ ਵਿੱਚ ਪੁਰੋਹਿਤ ਜਾਤੀ ਮੱਲ ਦਾ ਨਾਮ ਵੀ ਜ਼ਿਕਰਯੋਗ ਹੈ।

ਸੱਤਵੇਂ ਪਾਤਸ਼ਾਹ ਜਿੱਥੇ ਗਿਆਨਵਾਨ, ਮਿੱਠੇ ਅਤੇ ਨਿੱਘੜੇ ਸੁਭਾਅ ਦੇ ਮਾਲਕ ਸਨ, ਉੱਥੇ ਉਨ੍ਹਾਂ ਦਾ ਹਿਰਦਾ ਵੀ ਬੜਾ ਕੋਮਲ ਅਤੇ ਤਰਸੀਲਾ ਸੀ। ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਇੱਕ ਵਾਰੀ ਕਰਤਾਰਪੁਰ ਦੇ ਬਾਗ ਵਿੱਚ ਸੈਰ ਕਰ ਰਹੇ ਸਨ, ਉਸ ਸਮੇਂ ਹਵਾ ਬੜੀ ਤੇਜੀ ਨਾਲ ਵੱਗ ਰਹੀ ਸੀ। ਹਵਾ ਦੇ ਕਾਰਨ ਆਪ ਜੀ ਦਾ ਜਾਮਾ ਕੁੱਝ ਬੂਟਿਆਂ ਨਾਲ ਉਲਝ ਗਿਆ। ਇਸ ਉਲਝਣ ਸਦਕਾ ਕੁੱਝ ਫੁੱਲ ਟਹਿਣੀ ਨਾਲੋਂ ਟੁੱਟ ਕੇ ਹੇਠਾਂ ਡਿੱਗ ਪਏ। ਟੁੱਟੇ ਫੁੱਲਾਂ ਨੂੰ ਦੇਖ ਕੇ ਗੁਰੂ ਸਾਹਿਬ ਦੇ ਕੋਮਲ ਹਿਰਦੇ ਨੂੰ ਬਹੁਤ ਠੇਸ ਪਹੁੰਚੀ। ਇੰਨੇ ਚਿਰ ਵਿੱਚ ਸ੍ਰੀ ਹਰਗੋਬਿੰਦ ਜੀ ਆਪ ਜੀ ਦੇ ਕੋਲ ਆਏ ਅਤੇ ਉਦਾਸੀ ਦਾ ਕਾਰਨ ਪੁੱਛਿਆ।

ਆਪ ਜੀ ਨੇ ਕਿਹਾ ਕਿ ਸੱਚੇ ਪਾਤਸ਼ਾਹ ਮੇਰੇ ਖੁੱਲ੍ਹੇ ਜਾਮੇ ਨਾਲ ਅੜ ਕੇ ਇਹ ਵਿਚਾਰੇ ਨਿਰਦੋਸ਼ ਫੁੱਲ ਹੇਠਾਂ ਡਿੱਗ ਪਏ ਹਨ। ਇਸ ਮੌਕੇ 'ਤੇ ਛੇਵੇਂ ਪਾਤਸ਼ਾਹ ਨੇ ਇੱਕ ਉਪਦੇਸ਼ਮਈ ਜਵਾਬ ਦਿੰਦਿਆਂ ਕਿਹਾ ਕਿ ਜੇ ਜਾਮਾ ਵੱਡਾ ਪਹਿਨੀਏ ਤਾਂ ਸੰਭਲ ਕੇ ਤੁਰਨਾ ਚਾਹੀਦਾ ਹੈ। ਉਪਦੇਸ਼ ਬੜਾ ਸਪੱਸ਼ਟ ਸੀ ਕਿ ਜੇ ਜ਼ਿੰਮੇਵਾਰੀ ਵੱਡੀ ਚੁੱਕ ਲਈਏ ਤਾਂ ਤਾਕਤ ਦੀ ਵਰਤੋਂ ਸੋਚ ਸਮਝ ਕੇ ਕਰਨੀ ਚਾਹੀਦੀ ਹੈ। ਇਹ ਤਾਕਤ ਨਿਆਸਰਿਆਂ ਦਾ ਆਸਰਾ ਬਣਨੀ ਚਾਹੀਦੀ ਹੈ। ਸ੍ਰੀ ਗੁਰੂ ਹਰਿਰਾਏ ਜੀ ਨੇ ਆਪਣੇ ਦਾਦਾ ਗੁਰੂ ਜੀ ਦੇ ਉਪਦੇਸ਼ ਨੂੰ ਘੁੱਟ ਕੇ ਪੱਲ੍ਹੇ ਨਾਲ ਬੰਨ੍ਹ ਲਿਆ। ਸਾਰੀ ਹਯਾਤੀ ਇਸ ਉਪਦੇਸ਼ ਦੀ ਕਮਾਈ ਕੀਤੀ ਅਤੇ ਤਾਣ ਹੁੰਦਿਆਂ ਵੀ ਨਿਤਾਣੇ ਬਣੇ ਰਹੇ। ਗੁਰੂ ਸਾਹਿਬ ਸ਼ੇਖ ਫਰੀਦ ਜੀ ਦੇ ਇਹ ਬਚਨ ਬੜੇ ਪ੍ਰੇਮ ਨਾਲ ਉਚਾਰਿਆ ਕਰਦੇ ਸਨ -

*ਸਭਨਾ ਮਨ ਮਾਣਿਕ*
*ਠਾਹੁਣ ਮੂਲ ਮਚਾਂਗਵਾ॥*
*ਜੇ ਤਉ ਪਿਰੀਆ ਦੀ ਸਿੱਕ ਹਿਆਉ ਨਾ ਠਾਹੇ ਕਹੀਦਾ॥*

ਇਸ ਤੋਂ ਇਲਾਵਾ ਉਹ ਸ਼ਬਦ 'ਪਾਤੀ ਤੋਰੈ ਮਾਲਿਨੀ ਪਾਤੀ ਪਾਤੀ ਜੀਓ' ਵੀ ਬੜੇ ਵਿਸਮਾਦ ਵਿੱਚ ਗਾਇਆ ਕਰਦੇ ਸਨ।

ਸ੍ਰੀ ਗੁਰੂ ਹਰਿ ਰਾਏ ਸਾਹਿਬ ਦੀ ਸ਼ਾਦੀ ਅਨੂਪ ਸ਼ਹਿਰ (ਯੂ.ਪੀ.) ਦੇ ਵਸਨੀਕ ਸ੍ਰੀ ਦਇਆ ਰਾਮ ਦੀ ਸਪੁੱਤਰੀ ਬੀਬੀ ਕ੍ਰਿਸ਼ਨ ਕੌਰ ਜੀ ਨਾਲ ਹੋਈ। ਆਪ ਜੀ ਦੇ ਘਰ ਦੋ ਸਪੁੱਤਰ ਸ੍ਰੀ ਰਾਮ ਰਾਏ ਅਤੇ ਸ੍ਰੀ ਹਰਿਕ੍ਰਿਸ਼ਨ ਜੀ ਪੈਦਾ ਹੋਏ।

ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਜੀ ੩ ਮਾਰਚ ੧੬੪੪ ਈ. ਨੂੰ ਐਤਵਾਰ ਵਾਲੇ ਦਿਨ ਜੋਤੀ ਜੋਤ ਸਮਾ ਗਏ ਸਨ। ਉਸ ਤੋਂ ਪੰਜ ਦਿਨ ਬਾਅਦ ੮ ਮਾਰਚ ਵਾਲੇ ਦਿਨ ਸ੍ਰੀ ਹਰਿਮੰਦਰ ਸਾਹਿਬ ਦੇ ਗ੍ਰੰਥੀ ਭਾਈ ਭਾਨਾ (ਸਪੁੱਤਰ ਬਾਬਾ ਬੁੱਢਾ ਸਾਹਿਬ) ਜੀ ਨੇ ਗੁਰੂ ਹਰਿ ਰਾਏ ਜੀ ਨੂੰ ਗੁਰਿਆਈ ਦਾ ਤਿਲਕ ਲਗਾਇਆ। ਸੱਤਵੇਂ ਨਾਨਕ ਸ੍ਰੀ ਹਰਿ ਰਾਏ ਨੇ ਆਪਣੇ ਦਾਦਾ ਗੁਰੂ ਵਾਂਗ ਸਿੱਖਾਂ ਵਿੱਚੋਂ ਬੀਰ ਰਸ ਨੂੰ ਮੱਧਮ ਨਹੀਂ ਪੈਣ ਦਿੱਤਾ। ੨੦੦੦ ਤੋਂ ਵੀ ਵਧੇਰੇ ਸੈਨਿਕ ਜਿੱਥੇ ਯੁੱਧ ਕਲਾਵਾਂ ਦਾ ਅਕਸਰ ਅਭਿਆਸ ਕਰਦੇ ਰਹਿੰਦੇ ਸਨ, ਉੱਥੇ ਕਿਸੇ ਵੀ ਔਖੀ ਘੜੀ ਦਾ ਸਾਹਮਣਾ ਕਰਨ ਲਈ ਸਦਾ ਚੜ੍ਹਦੀ ਕਲਾ ਵਿੱਚ ਰਹਿੰਦੇ ਸਨ।

ਆਪ ਜੀ ਵੱਲੋਂ ਗੁਰੂ ਦੇ ਲੰਗਰ ਲਈ ਇੱਕ ਵਿਸ਼ੇਸ਼ ਹਦਾਇਤ ਸੀ ਕਿ ਭੁੱਖ ਦਾ ਕੋਈ ਸਮਾਂ ਨਹੀਂ ਹੁੰਦਾ, ਜਦੋਂ ਵੀ ਕੋਈ ਲੋੜਵੰਦ ਲੰਗਰ ਵਿੱਚ ਆ ਜਾਵੇ, ਉਸ ਨੂੰ ਪ੍ਰਸ਼ਾਦਾ ਪਾਣੀ ਤਿਆਰ ਕਰਕੇ ਛਕਾਇਆ ਜਾਵੇ। ਆਪ ਇੰਨੇ ਰਹਿਮ ਦਿਲ ਸਨ ਕਿ ਕਿਸੇ ਵੀ ਦੁੱਖੀ ਦੇ ਦੁੱਖ ਨੂੰ ਸਹਿਣ ਨਹੀਂ ਸਨ ਕਰ ਸਕਦੇ। ਇਸ ਲਈ ਰੋਗੀਆਂ ਨੂੰ ਨਿਰੋਗ ਕਰਨ ਲਈ ਉਨ੍ਹਾਂ ਨੇ ਇੱਕ ਦਵਾਖਾਨਾ ਵੀ ਖੋਲ੍ਹਿਆ ਹੋਇਆ ਸੀ। ਇਸ ਦਵਾਖਾਨੇ ਵਿੱਚੋਂ ਗਰੀਬਾਂ ਅਤੇ ਲੋੜਵੰਦਾਂ ਨੂੰ ਦਵਾਈਆਂ ਮੁਫਤ ਦਿੱਤੀਆਂ ਜਾਂਦੀਆਂ ਸਨ। ਮੁਗਲ ਬਾਦਸ਼ਾਹ ਸ਼ਾਹਜਹਾਨ ਦਾ ਪੁੱਤਰ ਦਾਰਾ ਸ਼ਿਕੋਹ ਵੀ ਉਨ੍ਹਾਂ ਵੱਲੋਂ ਦਿੱਤੀਆਂ ਦਵਾਈਆਂ ਦੀ ਬਦੌਲਤ ਹੀ ਸਿਹਤਯਾਬ ਹੋਇਆ ਸੀ। ਇੱਥੇ ਹੀ ਬੱਸ ਨਹੀਂ, ਲੋੜ ਪੈਣ 'ਤੇ ਗੁਰੂ ਸਾਹਿਬ ਨੇ ਦਾਰਾ ਸ਼ਿਕੋਹ ਦੀ ਮੱਦਦ ਵੀ ਕੀਤੀ।

ਜਦੋਂ ਔਰੰਗਜ਼ੇਬ ਨੇ ਗੁਰੂ ਸਾਹਿਬ ਨੂੰ ਦਿੱਲੀ ਬੁਲਾਇਆ ਤਾਂ ਆਪ ਨੇ ਆਪਣੇ ਜੇਠੇ ਪੁੱਤਰ ਰਾਮਰਾਇ ਨੂੰ ਭੇਜ ਦਿੱਤਾ ਅਤੇ ਨਾਲ ਹੀ ਹਦਾਇਤ ਕੀਤੀ ਕਿ ਔਰੰਗਜ਼ੇਬ ਦੇ ਦਰਬਾਰ ਵਿੱਚ ਜਾ ਕੇ ਜੋ ਵੀ ਬਚਨ ਬਿਲਾਸ ਕਰਨੇ ਹਨ, ਉਹ ਗੁਰੂ ਨਾਨਕ ਪਾਤਸ਼ਾਹ ਦੇ ਆਸ਼ੇ ਦੇ ਅਨੁਸਾਰੀ ਹੋਣੇ ਚਾਹੀਦੇ ਹਨ, ਪਰ ਗੁਰੂ ਸਾਹਿਬ ਦੀ ਹਦਾਇਤ ਦੇ ਉਲਟ ਰਾਮ ਰਾਇ ਨੇ ਬਾਦਸ਼ਾਹ ਨੂੰ ਖੁਸ਼ ਕਰਨ ਹਿੱਤ ਰੱਬੀ ਬਾਣੀ ਵਿੱਚ ਹੇਰ-ਫੇਰ ਕਰਦਿਆਂ ਮਿੱਟੀ ਮੁਸਲਮਾਨ ਦੀ ਵਾਲੀ ਪੰਕਤੀ ਨੂੰ ਮਿੱਟੀ ਬੇਈਮਾਨ ਦੀ ਕਹਿ ਕੇ ਬਾਦਸ਼ਾਹ ਨੂੰ ਤਾਂ ਖੁਸ਼ ਕਰ ਲਿਆ ਪਰ ਗੁਰੂ ਨਾਨਕ ਦੇ ਘਰ ਨਾਲ ਸਦਾ ਵਾਸਤੇ ਨਰਾਜ਼ਗੀ ਮੁੱਲ ਲੈ ਲਈ।

ਗੁਰੂ ਹਰਿਰਾਏ ਸਾਹਿਬ ਨੂੰ ਰਾਮ ਰਾਇ ਦੀ ਇਸ ਕਾਰਵਾਈ ਨਾਲ ਬੜਾ ਦੁੱਖ ਹੋਇਆ ਅਤੇ ਉਨ੍ਹਾਂ ਨੇ ਫੈਸਲਾ ਕੀਤਾ ਕਿ ਉਹ ਸਾਰੀ ਉਮਰ ਉਸ ਨੂੰ ਮੂੰਹ ਨਹੀਂ ਲਗਾਉਣਗੇ। ਇਸੇ ਕਰਕੇ ਉਨ੍ਹਾਂ ਨੇ ਗੁਰਗੱਦੀ ਦਾ ਹੱਕਦਾਰ ਆਪਣੇ ਛੋਟੇ ਪੁੱਤਰ ਸ੍ਰੀ (ਗੁਰੂ) ਹਰਿਕ੍ਰਿਸ਼ਨ ਨੂੰ ਬਣਾਇਆ ਸੀ। ਗੁਰੂ ਹਰਿਰਾਏ ਸਾਹਿਬ ਦਾ ਅਖਰੀਲਾ ਸਮਾਂ ਕੀਰਤਪੁਰ ਸਾਹਿਬ ਵਿੱਚ ਹੀ ਬੀਤਿਆ। ੬ ਅਕਤੂਬਰ ੧੬੬੧ ਈ. (ਸੰਮਤ ੧੭੧੮) ਦਿਨ ਐਤਵਾਰ ਵਾਲੇ ਦਿਨ ਆਪ ਜੀ ਜੋਤੀ ਜੋਤ ਸਮਾ ਗਏ। ਆਪ ਜੀ ਦਾ ਅੰਤਿਮ ਸੰਸਕਾਰ ਸਤਿਲੁਜ ਦਰਿਆ ਦੇ ਕੰਢੇ ਪਾਤਾਲਪੁਰੀ ਵਿੱਚ ਕੀਤਾ ਗਿਆ।

# ਗੁਰਬਾਣੀ, ਪ੍ਰਤੱਖ ਔਸ਼ਧੀ

*[ਭਾਈ ਸੇਵਾ ਸਿੰਘ ਜੀ, ਰਾਮਪੁਰ ਖੇੜਾ]*

ਪਿੰਡ ਮਾਛੀਆਂ ਦਾ ਇਕ ਪ੍ਰੇਮੀ ਸ: ਬਲਦੇਵ ਸਿੰਘ ਕਾਫੀ ਸ਼ਰਾਬ ਪੀਂਦਾ ਸੀ। ਦਿਨ ਰਾਤ ਨਸ਼ੇ ਵਿਚ ਰਹਿਣ ਲੱਗ ਪਿਆ। ਅਕਸਰ ਸ਼ਰਾਬ ਦਾ ਅਸਰ ਸਰੀਰ ਦੇ ਅੰਗਾਂ ਉਪਰ ਹੋਣਾ ਲਾਜ਼ਮੀ ਸੀ। ਸੋ ਜਿਗਰ ਖਰਾਬ ਹੋ ਗਿਆ, ਮੇਹਦਾ ਕੰਮ ਕਰਨ ਤੋਂ ਜਵਾਬ ਦੇ ਗਿਆ। ਮਾਇਕ ਤੌਰ ਤੇ ਘਰੋਂ ਚੰਗੇ ਸਨ। ਸੋ ਕਾਫੀ ਸਿਆਣੇ ਸਿਆਣੇ ਡਾਕਟਰਾਂ ਪਾਸੋਂ ਇਲਾਜ ਕਰਵਾਇਆ। ਆਖਿਰ ਡਾਕਟਰਾਂ ਨੇ ਜਵਾਬ ਦੇ ਦਿੱਤਾ ਤੇ ਲੁਧਿਆਣੇ ਸੀ. ਐਮ. ਸੀ. ਹਸਪਤਾਲ ਵਿਚ ਲਿਜਾਣ ਦੀ ਸਲਾਹ ਦਿੱਤੀ। ਟਰੱਕ ਵਿਚ ਮੰਜਾ ਰੱਖ ਕੇ ਸੀ. ਐਮ. ਸੀ. ਲੁਧਿਆਣਾ ਵਿਚ ਦਾਖਲ ਕਰਵਾ ਦਿੱਤਾ। ਡਾਕਟਰਾਂ ਨੇ ਸਾਰੀ ਹਾਲਤ ਵੇਖ ਕੇ ਦੱਸਿਆ ਕਿ ਇਸ ਦਾ ਜਿਗਰ ਤਾਂ ਬਿਲਕੁਲ ਹੀ ਖਰਾਬ ਹੋ ਚੁੱਕਾ ਹੈ, ਗੁਰਦੇ ਖਰਾਬ ਹੋਣੇ ਸ਼ੁਰੂ ਹੋ ਚੁੱਕੇ ਹਨ। ਦਵਾਈਆਂ ਨਾਲ ਵਕਤੀ ਆਰਾਮ ਹੋ ਸਕਦਾ ਹੈ, ਬਾਕੀ ਸੇਵਾ ਜਿੰਨੀ ਤੁਸੀ ਕਰ ਸਕੋ, ਕਰੀ ਚਲੋ। ਜਦੋਂ ਸੀ. ਐਮ. ਸੀ, ਦੇ ਡਾਕਟਰਾਂ ਨੇ ਵੀ ਜਵਾਬ ਦੇ ਦਿੱਤਾ ਫਿਰ ਤਾਂ ਮੱਕਿਓ ਪਰ੍ਹੇ ਉਜਾੜ ਵਾਲੀ ਗੱਲ ਸੀ । ਸਾਰੇ ਦੁਨਿਆਵੀਂ ਆਸਰੇ ਢਹਿੰਦੇ ਦਿੱਸੇ ਜਿੰਦਗੀ ਦੀ ਕੋਈ ਆਸ ਬਾਕੀ ਨਹੀਂ ਸੀ ਦਿਸਦੀ। ਹਾਂ, ਇਸ ਪ੍ਰੇਮੀ ਦੇ ਘਰੋਂ ਬੀਬੀ ਗੁਰਬਾਣੀ ਦੀ ਨਿਤਨੇਮਣ ਸੀ ਅਤੇ ਸੰਗਤ ਨਾਲ ਗੁਰਦੁਆਰਾ ਰਾਮਪੁਰ ਖੇੜਾ ਆਇਆ ਕਰਦੀ ਸੀ। ਉਹ ਪਿੰਡ ਦੇ ਇਕ ਗੁਰਮੁੱਖ ਪਿਆਰੇ ਭਾਈ ਮਹਿੰਦਰ ਸਿੰਘ, ਜੋ ਕਿ ਬਾਬਾ ਹਰਨਾਮ ਸਿੰਘ ਜੀ ਦੇ ਡਰਾਈਵਰ ਸਨ, ਨੂੰ ਨਾਲ ਲੈ ਕੇ ਗੁਰਦੁਆਰਾ ਸਾਹਿਬ ਬਾਬਾ ਜੀ ਪਾਸ ਆਈ ਅਤੇ ਬੇਨਤੀ ਕੀਤੀ ਕਿ ਆਪ ਜੀ ਨੂੰ ਪਤਾ ਹੀ ਹੈ ਕਿ ਸਰਦਾਰ ਜੀ ਹੋਰੀਂ ਬਹੁਤ ਬਿਮਾਰ ਹਨ। ਡਾਕਟਰਾਂ ਨੇ ਬਿਲਕੁੱਲ ਜਵਾਬ ਦੇ ਦਿੱਤਾ ਹੈ ਕਿਉਂਕਿ ਜਿਗਰ ਬਿਲਕੁੱਲ ਖਰਾਬ ਹੋ ਚੁੱਕਾ ਹੈ ਅਤੇ ਗੁਰਦੇ ਜਵਾਬ ਦੇਣ ਵਾਲੇ ਹਨ। ਐਵੇਂ ਥੋੜ੍ਹਾ ਜਿਹਾ ਸਮਾਂ ਪੂਰਾ ਕਰਨ ਦੀ ਗੱਲ ਹੈ। ਆਪ ਜੀ ਬੱਚਿਆਂ ਦੀ ਖਾਤਰ ਹੀ ਕ੍ਰਿਪਾ ਕਰੋ। ਬਾਬਾ ਜੀ ਬੀਬੀ ਦੀ ਗੱਲ ਸੁਣ ਕੇ ਕਹਿਣ ਲੱਗੇ ਕਿ ਦੋ-ਢਾਈ ਸਾਲ ਹੋ ਗਏ ਹਨ ਉਸ ਨੇ ਕਈ ਵਾਰ ਬਚਨ ਤੋੜਿਆ ਹੈ, ਮੁੜ ਸ਼ਰਾਬ ਲੈਂਦਾ ਹੈ। ਅਸੀਂ ਵੀ ਕੀ ਕਰ ਸਕਦੇ ਹਾਂ। ਉਸ ਬੀਬੀ ਦੇ ਨਾਲ ਜੋ ਭਾਈ ਮਹਿੰਦਰ ਸਿੰਘ ਹੁਰੀਂ ਆਏ ਸਨ, ਉਨ੍ਹਾਂ ਨੇ ਵੀ ਬੇਨਤੀ ਕੀਤੀ ਕਿ ਬਲਦੇਵ ਸਿੰਘ ਦੀ ਜਾਨ ਬਚਾਉਣ ਲਈ ਕੋਈ ਉਪਾਅ ਦੱਸੋ। ਬਾਬਾ ਜੀ ਬੜੇ ਜੋਸ਼ ਵਿਚ ਕਹਿਣ ਲੱਗੇ ਕਿ ਜੇ ਸਿਫ਼ਾਰਸ਼ ਕਰਨੀ ਹੈ ਤਾਂ ਜ਼ਿੰਮੇਵਾਰੀ ਵੀ ਚੁੱਕਣੀ ਪਵੇਗੀ। ਜਾਹ, ਉਸ ਨੂੰ ਪੁੱਛ ਆ ਕਿ ਉਹ ਸ਼ਰਾਬ ਛੱਡਣ ਨੂੰ ਤਿਆਰ ਹੈ? ਹਾਂ ਜੇ ਉਹ ਸ਼ਰਾਬ ਛੱਡ ਦੇਵੇ, ਨਿਤਨੇਮ ਕਰਨ ਲੱਗ ਪਵੇ, ਫਿਰ ਅੰਮ੍ਰਿਤ ਛੱਕ ਕੇ ਸਤਿਗੁਰੂ ਜੀ ਦੀ ਭੈ ਭਾਵਨੀ ਵਿੱਚ ਜੀਵਨ ਬਤੀਤ ਕਰੋ ਤਾਂ ਬਿਨ੍ਹਾਂ ਹੋਰ ਦੁਵਾਈ ਖਾਧੇ ਤੋਂ ਹੀ ਠੀਕ ਹੋ ਸਕਦਾ ਹੈ। ਜੇਕਰ ਉਹ ਇਹ ਸ਼ਰਤਾਂ ਮੰਨਦਾ ਹੈ ਤਾਂ ਜਾ ਕੇ ਲੈ ਆਵੋ।

ਜਦੋਂ ਬੀਬੀ ਅਤੇ ਮਹਿੰਦਰ ਸਿੰਘ ਤੁਰਨ ਲੱਗੇ ਤਾਂ ਬਾਬਾ ਜੀ ਨੇ ਫਿਰ ਦੁਹਰਾਇਆਂ ਕਿ ਬਚਨ ਕਰਕੇ ਖਿਸਕੇ ਨਾ। ਦੂਜੇ, ਜੇ ਅੰਮ੍ਰਿਤ ਛਕ ਕੇ ਫਿਰ ਸ਼ਰਾਬ ਆਦਿ ਦੀ ਵਰਤੋਂ ਕਰਕੇ ਅੰਮ੍ਰਿਤ ਭੰਗ ਕੀਤਾ ਤਾਂ ਬਹੁਤ ਚਿਰ ਨਹੀਂ ਜੀਵੇਗਾ। ਦੋਵੇਂ ਜਣੇ ਬਾਬਾ ਜੀ ਪਾਸੋਂ ਵਿਦਾ ਲੈ ਕੇ ਸਿੱਧੇ ਲੁਧਿਆਣੇ ਹਸਪਤਾਲ ਪੁੱਜ ਗਏ ਅਤੇ ਸ: ਬਲਦੇਵ ਸਿੰਘ ਨੂੰ ਬਾਬਾ ਜੀ ਦਾ ਸਾਰਾ ਬਚਨ ਦੱਸ ਦਿੱਤਾ। ਹੁਣ ਜਦੋਂ ਮੌਤ ਹੀ ਦਿਸਦੀ ਸੀ ਤਾਂ ਉਹ ਹਰ ਸ਼ਰਤ ਮੰਨਣ ਲਈ ਤਿਆਰ ਸੀ। ਹਸਪਤਾਲ ਤੋਂ ਛੁੱਟੀ ਲੈ ਕੇ ਗੱਡੀ ਵਿਚ ਮੰਜਾ ਰੱਖਿਆ ਤੇ ਸ਼ਾਮ ਨੂੰ ਪਿੰਡ ਮਾਛੀਆਂ ਪੁੱਜ ਗਏ। ਬਾਬਾ ਜੀ ਨੇ ਸ: ਮਹਿੰਦਰ ਸਿੰਘ ਦੇ ਹੱਥ ਅਖੰਡ ਪਾਠ ਸਾਹਿਬ ਜੀ ਦਾ ਅੰਮ੍ਰਿਤ ਜਲ ਵੀ ਭੇਜ ਦਿੱਤਾ ਕਿ ਇਹ ਜਲ ਹਰ ਰੋਜ਼ ਦੋ ਤਿੰਨ ਵਾਰੀ ਉਸ ਨੂੰ ਛਕਾਇਆ ਕਰੋ ਅਤੇ ਨਾਲ ਹੀ ਬਚਨ ਕੀਤਾ ਕਿ ਜਿੰਨਾਂ ਚਿਰ ਉਹ ਆਪ ਨਿਤਨੇਮ ਨਹੀਂ ਕਰ ਸਕਦਾ ਕੋਈ ਘਰ ਦਾ ਮੈਂਬਰ ਜਾਂ ਤੁਸੀਂ ਉਸ ਨੂੰ ਸੱਤਾਂ ਬਾਣੀਆਂ ਦਾ ਨਿਤਨੇਮ ਸੁਣਾਇਆ ਕਰੋ। ਜਿਸ ਵੇਲੇ ਤੁਰਨ ਫਿਰਨ ਜੋਗਾ ਹੋ ਜਾਏ ਤਾਂ ਢਿੱਲ ਨਹੀਂ ਕਰਨੀ ਅੰਮ੍ਰਿਤ ਛਕਾ ਦੇਣਾ। ਹਰ ਰੋਜ਼ ਨਿੱਤਨੇਮ ਸੁਨਾਉਣ ਅਤੇ ਅੰਮ੍ਰਿਤ ਜਲ ਦੇਣ ਨਾਲ ਗੁਰਦੇ ਵੀ ਠੀਕ ਹੋ ਗਏ ਅਤੇ ਸਰੀਰ ਵੀ ਤੁਰਨ ਫਿਰਨ ਵਾਲਾ ਹੋ ਗਿਆ। ਬਾਅਦ ਵਿਚ ਉਹ ਪਰਿਵਾਰ ਸਹਿਤ ਅੰਮ੍ਰਿਤਧਾਰੀ ਸਿੰਘ ਸਜ ਗਿਆ। ਨਿਤਨੇਮ ਵੀ ਪੂਰਾ ਕਰਦਾ ਰਿਹਾ ਹੌਲੀ ਹੌਲੀ

***(ਬਾਕੀ ਪੰਨਾ 25 'ਤੇ)***

# ਸਗਲ ਧਰਮ ਮਹਿ ਸ੍ਰੇਸਟ ਧਰਮ।
# ਹਰਿ ਕੋ ਨਾਮ ਜਪੁ ਨਿਰਮਲ ਕਰਮ।

*[ਡਾ. ਜਗਜੀਤ ਸਿੰਘ ਜੀ, ਮੋਹਾਲੀ]*

ਸਿੱਖ ਧਰਮ ਦੇ ਸੰਚਾਲਨ ਅਤੇ ਵਿਗਾਸ ਦਾ ਧੁਰਾ ਗੁਰੂ ਹੈ। ਗੁਰੂ ਗਿਆਨ ਦਾ ਐਸਾ ਖੰਬਾ ਹੈ ਜਿਸ ਦੀ ਰੌਸ਼ਨੀ ਵਿਚ ਸਿੱਖ ਪੰਥ, ਅਧਿਆਤਮਕ, ਸਮਾਜਿਕ, ਆਰਥਕ ਅਤੇ ਰਾਜਨੀਤਕ ਪੱਖੋਂ ਵਿਕਾਸ਼ਸ਼ੀਲ ਹੋਇਆ ਅਤੇ ਅੱਜ ਜਦੋਂ ਅਸੀਂ ਸਿੱਖ ਪੰਥ ਦਾ ਕਿਸੇ ਵੀ ਪੱਖੋਂ ਮੁਲਾਂਕਣ ਕਰਦੇ ਹਾਂ ਤਾਂ ਗੁਰੂ ਵਲੋਂ ਬਖਸ਼ੀ ਸੇਧ ਨੂੰ ਹੀ ਮੂਲ ਆਧਾਰ ਮਿੱਥ ਕੇ ਕਿਸੇ ਠੀਕ ਨਤੀਜੇ ਤੇ ਪੁੱਜ ਸਕਦੇ ਹਾਂ। ਪੱਛਮੀ ਚਿੰਤਕ ਹਕਸਲੇ ਨੇ ਠੀਕ ਕਿਹਾ ਹੈ –

ਜੀਵਨ ਦੇ ਰਾਜ਼ ਨੂੰ ਸਮਝਣ ਲਈ ਅਤੇ ਸੰਸਾਰ ਯਾਤਰਾ ਸਫਲ ਕਰਨ ਲਈ, ਚੰਗਾ ਹੋਵੇ ਜੇ ਕਿਸੇ ਐਸੇ ਪਾਰਦਰਸ਼ੀ ਮਨੁੱਖ ਦੀ ਭਾਲ ਕਰ ਲਈ ਜਾਵੇ ਜਿਸ ਨੇ ਸਫਲ ਜੀਵਨ ਦੇ ਰਹੱਸ ਨੂੰ ਪਾ ਲਿਆ ਹੈ। ਜਦੋਂ ਐਸਾ ਮਹਾਂਪੁਰਸ਼ ਮਿਲ ਜਾਵੇ, ਸਮਝੋ ਅੱਧੀ ਯਾਤਰਾ ਇਕ ਦਮ ਤੈਅ ਹੋ ਗਈ। ਇਸ ਸਚਾਈ ਨੂੰ ਗੁਰਬਾਣੀ ਵਿਚ ਬਾਰ-ਬਾਰ ਦਰਸਾਇਆ ਹੈ। ਆਸਾ ਦੀ ਵਾਰ ਦੇ ਆਰੰਭਕ ਸਲੋਕ ਹਨ –

*ਬਲਿਹਾਰੀ ਗੁਰ ਆਪਣੇ ਦਿਉਹਾੜੀ ਸਦ ਵਾਰ ॥*
*ਜਿਨਿ ਮਾਣਸ ਤੇ ਦੇਵਤੇ ਕੀਏ ਕਰਤ ਨ ਲਾਗੀ ਵਾਰ ॥*

*ਅੰਗ – ੪੬੨*

ਅਰਥਾਤ ਗੁਰੂ ਦੀ ਅਗਵਾਈ ਮਨੁੱਖ ਨੂੰ ਦੇਵਤਾ ਬਣਾ ਦਿੰਦੀ ਹੈ, ਉੱਚੀਆਂ ਕਦਰਾਂ ਕੀਮਤਾਂ ਵਾਲਾ, ਜਾਗਰੂਕ ਮਨੁੱਖ, ਆਤਮਿਕ ਤੌਰ ਤੇ ਚੇਤੰਨ, ਨੇਕ ਅਤੇ 'ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ॥ (ਅੰਗ-੧੨੯੯) ਦਾ ਧਾਰਨੀ ਬਣਾ ਦਿੰਦੀ ਹੈ।

*ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥*
*ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥*

*ਅੰਗ – ੪੬੩*

ਅਰਥਾਤ ਮਨੁੱਖ ਦੀ ਅਗਿਆਨਤਾ ਦੇ ਅੰਦਰਲੇ ਘੁੱਪ ਅਨ੍ਹੇਰੇ ਨੂੰ ਸੈਂਕੜੇ ਚੰਨਾ ਜਾਂ ਹਜ਼ਾਰਾਂ ਸੂਰਜਾਂ ਦੀ ਰੋਸ਼ਨੀ ਵੀ ਦੂਰ ਨਹੀਂ ਕਰ ਸਕਦੀ। ਬਾਹਰੀ ਸੰਸਾਰ ਦੀ ਸਾਰੀ ਭਟਕਣਾ ਅਤੇ ਸੰਤਾਪ ਦਾ ਕਾਰਨ ਅੰਦਰ ਦਾ ਹਨ੍ਹੇਰਾ ਹੈ।

*ਨਾਨਕ ਗੁਰੂ ਨ ਚੇਤਨੀ ਮਨਿ ਆਪਣੈ ਸੁਚੇਤ ॥*
*ਛੁਟੇ ਤਿਲ ਬੂਆੜ ਜਿਉ ਸੁੰਞੇ ਅੰਦਰਿ ਖੇਤ ॥*
*ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ ॥*
*ਫਲੀਅਹਿ ਫੁਲੀਅਹਿ ਬਪੁੜੇ ਭੀ ਤਨ ਵਿਚਿ ਸੁਆਹ ॥*

*ਅੰਗ – ੪੬੩*

ਜਿਹੜੇ ਮਨੁੱਖ ਦੁਨਿਆਵੀ ਗਿਆਨ ਦੀ ਚਤੁਰਾਈ ਵਿਚ ਸਰਬੱਗ ਗੁਰੂ ਤੋਂ ਬੇਮੁਖ ਹੋ ਜਾਂਦੇ ਹਨ, ਉਹ ਇਉਂ ਹਨ ਜਿਵੇਂ ਕਿਸੇ ਸੁੰਞੀ ਪੈਲੀ ਵਿਚ ਅੰਦਰੋਂ ਸੜੇ ਹੋਏ ਤਿਲ ਨਿਖਸਮੇ ਪਏ ਹੋਏ ਹਨ, ਨਾ ਉਹ ਫੁਲਦੇ ਹਨ, ਨਾ ਫਲਦੇ ਹਨ। ਗੁਰੂ ਤੋਂ ਬੇਮੁੱਖ ਚਤੁਰ ਬੁੱਧੀਜੀਵੀ ਨਾ ਆਪ ਫਲਦਾ ਫੁਲਦਾ ਹੈ, ਨਾ ਸਮਾਜ ਲਈ ਗੁਣਕਾਰੀ ਸਿੱਧ ਹੁੰਦਾ ਹੈ।

ਸਿੱਖ ਕੌਮ ਵਿਸ਼ੇਸ਼ ਤੌਰ ਤੇ, ਸਗੋਂ ਸਾਰਾ ਹਿੰਦੁਸਤਾਨ ਬਲਕਿ ਸਾਰੀ ਮਨੁੱਖਤਾ ਇਸ ਪੱਖੋਂ ਭਾਗਸ਼ੀਲ ਹੈ ਕਿ ਸਰਬ ਮਨੁੱਖਤਾ ਦੀ ਰਹਿਨੁਮਾਈ ਅਤੇ ਕਲਿਆਣ ਹਿਤ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਗੁਰੂ ਰੂਪ ਵਿਚ ਪ੍ਰਾਪਤ ਹੋਈ ਹੈ ਜਿਸ ਨੂੰ ਸੰਸਾਰ ਦਾ ਹਰ ਪ੍ਰਾਣੀ ਪੜ੍ਹ ਸਕਦਾ ਹੈ, ਸਮਝ ਸਕਦਾ ਹੈ, ਅਗਵਾਈ ਲੈ ਸਕਦਾ ਹੈ ਅਤੇ ਸਾਰਾ ਸੰਸਾਰ ਵੈਰਾਂ ਵਿਰੋਧਾਂ ਤੋਂ ਮੁਕਤ ਹੋ ਕੇ ਸੁਖ, ਸਹਜ, ਅਨੰਦ ਵਿਚ ਵਿਚਰ ਸਕਦਾ ਹੈ। ਸਿੱਖ ਕੌਮ ਵੀ ਕੇਵਲ ਗੁਰੂ ਦੇ ਲੜ ਲਗ ਕੇ, ਗੁਰੂ ਦੇ ਸ਼ਬਦ ਦੀ ਕਮਾਈ ਕਰਕੇ ਹੀ ਆਪਣੀ ਨਿਘਰੀ ਹੋਈ ਹਾਲਤ ਵਿਚੋਂ ਨਿਕਲ ਸਕਦੀ ਹੈ ਅਤੇ ਚੜ੍ਹਦੀ ਕਲਾ ਵਾਲਾ ਅਨੰਦਮਈ ਜੀਵਨ ਮਾਣ ਸਕਦੀ ਹੈ –

*ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥*
*ਡਿਠੈ ਮੁਕਤਿ ਨ ਹੋਵਈ ਜਿਚਰੁ ਸਬਦਿ ਨ ਕਰੇ ਵੀਚਾਰੁ ॥*

*ਅੰਗ – ੫੯੪*

ਗੁਰਬਾਣੀ ਵਿਚ ਦੂਜਾ ਮੁੱਖ ਸੰਕਲਪ ਇਹ ਹੈ ਕਿ ਇਹ ਸੰਸਾਰ ਪ੍ਰਮਾਤਮਾ ਦੀ ਕਿਰਤ ਹੈ, ਇਸ ਸੰਸਾਰ ਦੀ

ਹੋਂਦ ਹੈ, ਸੱਚੀ ਹੈ, ਨਿਰੰਤਰ ਹੈ, ਇਹ ਸੱਚੇ ਪ੍ਰਭੂ ਦੀ ਕਿਰਤ ਹੈ, ਇਸ ਲਈ ਇਸ ਵਿਚ ਵਿਚਰਦਿਆਂ ਸਾਰੀ ਮਨੁੱਖਤਾ ਨੇ ਸੱਚ ਤੇ ਪਹਿਰਾ ਦੇਣਾ ਹੈ, ਸੱਚੀਆਂ-ਸੁੱਚੀਆਂ ਉੱਚੀਆਂ ਕਦਰਾ ਕੀਮਤਾਂ ਨੂੰ ਅਪਨਾਣਾ ਹੈ ਅਤੇ ਮਨੁੱਖਤਾ ਨੂੰ ਆਪਣੇ ਰੂਹਾਨੀ ਆਦਰਸ਼ ਦੀ ਪ੍ਰਾਪਤੀ ਲਈ ਸੁਚੇਤ ਰਹਿੰਦਿਆਂ ਸੰਸਾਰ ਵਿਚ ਕਿਰਿਆਸ਼ੀਲ ਹੋਣਾ ਹੈ। ਸੰਸਾਰ ਦੀ ਹੋਂਦ ਛਲਾਵਾ ਨਹੀਂ, ਸੁਪਨਾ ਨਹੀਂ ਸਗੋਂ ਸਤਿ ਹੈ, ਫੁਰਮਾਨ ਹੈ -

*ਆਪਿ ਸਤਿ ਕੀਆ ਸਭੁ ਸਤਿ ॥*
*ਤਿਸੁ ਪ੍ਰਭ ਤੇ ਸਗਲੀ ਉਤਪਤਿ ॥ ਅੰਗ - ੨੯੪*

ਸੰਸਾਰ ਦੀ ਰਚਨਾ ਪ੍ਰਭੂ ਦੇ ਹੁਕਮ ਵਿਚ ਉਸ ਦੀ ਇੱਛਾ ਅਨੁਸਾਰ ਉਸ ਤੋਂ ਹੁੰਦੀ ਹੈ ਅਤੇ ਜਦੋਂ ਉਹ ਚਾਹੁੰਦਾ ਹੈ ਤਾਂ ਇਹ ਖੇਡ ਸਮਾਪਤ ਕਰ ਲੈਂਦਾ ਹੈ।

ਆਸਾ ਦੀ ਵਾਰ ਵਿਚ ਫੁਰਮਾਨ ਕੀਤਾ ਹੈ ਕਿ ਸੱਚੇ ਪਾਤਸ਼ਾਹ ਦੇ ਪੈਦਾ ਕੀਤੇ ਖੰਡ-ਬ੍ਰਹਿਮੰਡ ਸੱਚੇ ਹਨ, ਉਸ ਦੇ ਸਿਰਜੇ ਹੋਏ ਲੋਕ ਤੇ ਬੇਅੰਤ ਆਕਾਰ ਵੀ ਸੱਚੇ ਹਨ, ਓਨਾਂ ਚਿਰ ਜਿੰਨਾਂ ਚਿਰ ਰਚਨਾ ਹੈ। ਰਚਨਾ ਕਾਲ ਵਿਚ ਥਿਰ ਰਹਿਣ ਵਾਲੇ ਹਨ, ਅਰਥਾਤ ਇਹ ਖੰਡ ਬ੍ਰਹਿਮੰਡ, ਲੋਕ, ਆਕਾਰ, ਜੀਅ ਜੰਤ ਆਦਿਕ ਸਭਨਾਂ ਦੀ ਹਸਤੀ, ਸਭਨਾ ਦਾ ਆਸਰਾ ਸੱਚਾ ਪ੍ਰਭੂ ਆਪ ਹੈ ਅਤੇ ਰਚਨਾ-ਕਾਲ ਵਿਚ ਇਨ੍ਹਾਂ ਦੀ ਹੋਂਦ ਸੱਚੀ ਹੈ ।

ਪ੍ਰਭੂ ਦੀ ਸਿਰਜੀ ਇਸ ਸ੍ਰਿਸ਼ਟੀ ਵਿਚ ਮਨੁੱਖ ਨੇ ਗੁਰੂ ਦੀ ਸਿਖਿਆ ਅਨੁਸਾਰ ਕਿਰਿਆਸ਼ੀਲ ਹੋਣਾ ਹੈ ਤੇ ਆਪਣੇ ਮੂਲ ਦੀ ਪਛਾਣ ਕਰਨੀ ਹੈ। ਜਿਹੜੇ ਮਨੁੱਖ ਸੱਚ ਨੂੰ ਸਿਮਰਦੇ ਹਨ, ਉਹ ਸੱਚ ਦਾ ਰੂਪ ਹੋ ਜਾਂਦੇ ਹਨ, ਜੋ ਉਸ ਨੂੰ ਨਹੀਂ ਸਿਮਰਦੇ, ਸਰੀਰਕ ਜੀਵਨ ਤਕ ਸੀਮਤ ਰਹਿੰਦੇ ਹਨ, ਉਹ ਜੰਮਣ ਮਰਣ ਦੇ ਗੇੜ ਵਿਚ ਪਏ ਰਹਿੰਦੇ ਹਨ, ਉਨ੍ਹਾਂ ਨੂੰ ਕੱਚੇ ਮਨੁੱਖ ਕਹਿ ਸਕਦੇ ਹਾਂ। ਫੁਰਮਾਨ ਹੈ-

*ਨਾਨਕ ਸਚੁ ਧਿਆਇਨਿ ਸਚੁ ॥*
*ਜੋ ਮਰਿ ਜੰਮੇ ਸੁ ਕਚੁ ਨਿਕਚੁ ॥ ਅੰਗ - ੪੬੩*

ਆਤਮਿਕ ਤੌਰ ਤੇ ਮਨੁੱਖ ਸਦਾ ਜੀਵਤ ਰਹਿੰਦਾ ਹੈ, ਮਰਦਾ ਨਹੀਂ। ਮਰਦਾ ਸਰੀਰ ਹੈ। ਮਨੁੱਖ ਅਸਲ ਵਿਚ ਸਰੀਰ ਨਹੀਂ, ਆਤਮਾ ਹੈ।

ਗੁਰੂ ਨਾਨਕ ਦੇਵ ਜੀ ਦੇ ਇਸ ਮੁੱਢਲੇ ਸਿਧਾਂਤ ਦੀ ਪ੍ਰੋੜਤਾ ਬਾਕੀ ਗੁਰੂ ਸਾਹਿਬਾਨ ਨੇ ਵੀ ਕੀਤੀ ਹੈ। ਗੁਰੂ ਅੰਗਦ ਦੇਵ ਜੀ ਦਾ ਫੁਰਮਾਨ ਹੈ ਕਿ ਇਹ ਜਗਤ ਪ੍ਰਭੂ ਦੇ ਰਹਿਣ ਦੀ ਥਾਂ ਹੈ, ਪ੍ਰਭੂ ਇਸ ਵਿਚ ਵਸ ਰਿਹਾ ਹੈ। ਸੰਸਾਰ ਦੀ ਖੇਡ ਪ੍ਰਭੂ ਦੇ ਹੁਕਮ ਅਨੁਸਾਰ ਚੱਲ ਰਹੀ ਹੈ -

*ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥*
*ਇਕਨ੍ਹਾ ਹੁਕਮਿ ਸਮਾਇ ਲਏ ਇਕਨ੍ਹਾ ਹੁਕਮੇ ਕਰੇ ਵਿਣਾਸੁ॥*
*ਅੰਗ - ੪੬੩*

## ਸਮਾਜ ਦਾ ਧਰਮ

ਸਮਾਜ ਦੀ ਪੁਨਰ ਉਸਾਰੀ ਲਈ ਕੁਝ ਪੁਰਾਣੀਆਂ ਅਣ-ਸੁਖਾਵੀਆਂ ਕਦਰਾਂ ਕੀਮਤਾਂ, ਰਸਮੋ-ਰਿਵਾਜ ਅਤੇ ਵਿਸ਼ਵਾਸ਼ ਦੀ ਵਿਗਿਆਨਕ ਢੰਗ ਨਾਲ ਨਿਰਾਰਥਕਤਾ ਦਰਸਾਣੀ ਜ਼ਰੂਰੀ ਹੁੰਦੀ ਹੈ, ਪੁਰਾਤਨਤਾ ਤਿਆਗ ਕੇ ਹੀ ਨਵੀਨਤਾ ਅਪਣਾਈ ਜਾ ਸਕਦੀ ਹੈ। ਸਮੇਂ ਨਾਲ ਪੁਰਾਤਨ ਅਕੀਦੇ, ਵਿਸ਼ਵਾਸ਼, ਸੰਸਕਾਰ ਮਨੁੱਖ ਲਈ ਹਾਨੀਕਾਰਕ ਹੋ ਜਾਂਦੇ ਹਨ। ਪੁਰਾਣੇ ਪੱਤੇ ਝੜਨ ਨਾਲ ਹੀ ਨਵੇਂ ਪੁੰਗਰਦੇ ਹਨ। ਗੁਰਬਾਣੀ ਵਿਚ ਉਸਾਰਿਆ ਗਿਆ ਨਵਾਂ ਸਮਾਜ ਸਰਬ-ਸਾਂਝੀਵਾਲਤਾ ਦਾ ਸਮਾਜ ਹੈ। ਸਰਬ ਸਾਂਝੀਵਾਲਤਾ ਸਾਂਝੇ ਇਸ਼ਟ ਦੀ ਆਰਾਧਨਾ ਰਾਹੀਂ ਹੀ ਉਸਾਰੀ ਜਾ ਸਕਦੀ ਹੈ। ਸਾਂਝਾ ਇਸ਼ਟ ਇਕ ਪਾਰਬ੍ਰਹਮ ਪ੍ਰਮੇਸ਼ਰ ਹੀ ਹੋ ਸਕਦਾ ਹੈ। ਮਨੁੱਖੀ ਏਕਤਾ ਦਾ ਚਿੰਨ੍ਹ ਇਕ ਓਅੰਕਾਰ ਹੈ, ਇਕ ਪ੍ਰਮਾਤਮਾ, ਦ੍ਵੈਤ-ਰਹਿਤ ਪਰਮਾਤਮਾ ਜਿਸ ਦੀ ਆਰਾਧਨਾ ਸੱਚੇ ਨਾਮ (ਸਤਿਨਾਮੁ) ਰਾਹੀਂ ਪ੍ਰਵਾਨਤ ਹੁੰਦੀ ਹੈ। ਪ੍ਰਮਾਤਮਾ ਦਾ ਨਾਮ ਹੀ ਸਰਬ ਮਨੁੱਖਤਾ ਦਾ ਧਰਮ ਹੋ ਸਕਦਾ ਹੈ ਅਤੇ ਇਹ ਹੀ ਸਾਰੀ ਮਨੁੱਖਤਾ ਦਾ ਸਰਬ-ਸ੍ਰੇਸ਼ਠ ਧਰਮ ਹੈ, ਐਸਾ ਗੁਰਬਾਣੀ ਦਾ ਦਾਹਵਾ ਹੈ -

*ਸਰਬ ਧਰਮ ਮਹਿ ਸ੍ਰੇਸਟ ਧਰਮੁ ॥*
*ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥ ਅੰਗ - ੨੬੬*

ਪ੍ਰਮਾਤਮਾ ਤਾਂ ਇਕ ਹੈ, ਸਗੋਂ ਸਾਰੇ ਬ੍ਰਹਿਮੰਡ ਵਿਚ ਇਕੋ ਪ੍ਰਮਾਤਮਾ ਹੀ ਅਨੇਕ ਰੂਪ ਧਾਰਨ ਕਰਕੇ ਪ੍ਰਗਟ ਹੋ ਰਿਹਾ ਹੈ। ਪ੍ਰਭੂ ਦਾ ਨਾਮ ਕੋਈ ਵੀ ਹੋ ਸਕਦਾ ਹੈ ਪ੍ਰਭੂ ਦੇ ਸਾਰੇ ਨਾਮ ਉੱਤਮ ਹਨ। ਹਰੇਕ ਨਾਮ ਪ੍ਰਭੂ ਦਾ ਇਕ ਵਿਸ਼ੇਸ਼ਣ ਹੈ, ਇਕ ਗੁਣ ਨੂੰ ਪ੍ਰਗਟ ਕਰਦਾ ਹੈ। ਜਿਵੇਂ ਦਿਆਲੂ, ਕਿਰਪਾਲੂ, ਕਰਤਾ ਪੁਰਖ, ਨਿਰਭਉ ਨਿਰਵੈਰ, ਨਿਰੰਜਨ, ਅਗਮ, ਅਗੋਚਰ ਆਦਿ। ਗੁਰੂ ਜੀ ਦਾ ਫੁਰਮਾਨ ਹੈ ਕਿ ਮਨੁੱਖ ਉਸ ਦੇ ਗੁਣ-ਵਾਚੀ ਨਾਵਾਂ ਨਾਲ ਉਸ ਨੂੰ ਯਾਦ ਕਰਦਾ ਹੈ, ਕੇਵਲ 'ਸਤਿਨਾਮ' ਉਸ ਦੀ ਹਸਤੀ ਨੂੰ ਪ੍ਰਗਟ ਕਰਨ ਵਾਲਾ ਸਦੀਵ-ਕਾਲੀ ਨਾਮ ਹੈ -

*ਕਿਰਤਮ ਨਾਮ ਕਥੇ ਤੇਰੇ ਜਿਹਬਾ ॥*
*ਸਤਿ ਨਾਮੁ ਤੇਰਾ ਪਰਾ ਪੂਰਬਲਾ ॥ ਅੰਗ - ੧੦੮੩*

ਜਾਪੁ ਸਾਹਿਬ ਦੇ ਅਰੰਭ ਵਿਚ ਫੁਰਮਾਇਆ ਹੈ ਕਿ ਉਸ ਦੇ ਗੁਣਵਾਚੀ ਲੱਖਾਂ ਨਾਮ ਹਨ ਜੋ ਇਕ ਵਿਸ਼ੇਸ਼ ਗੁਣ ਨੂੰ ਪ੍ਰਗਟ ਕਰਦੇ ਹਨ, ਸਾਰੇ ਦੱਸੇ ਜਾਣੇ ਸੰਭਵ ਨਹੀਂ -

*ਚਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ।*
*ਤਬ ਸਰਬ ਨਾਮ ਕਥੈ ਕਵਨ ਕਰਮ ਨਾਮ ਬਰਨਤ ਸੁਮਤਿ॥*
*ਜਾਪੁ ਸਾਹਿਬ*

ਨਾਮ ਦੀ ਸਾਧਨਾ ਅਤੇ ਪ੍ਰਾਪਤੀ ਕੇਵਲ ਗੁਰੂ ਰਾਹੀਂ ਹੁੰਦੀ ਹੈ। ਗੁਰੂ ਇਕ ਵਿਸ਼ੇਸ਼ ਨਾਮ ਰਾਹੀਂ ਪ੍ਰਮਾਤਮਾ ਦੀ ਯਾਦ ਅਤੇ ਉਸ ਦੀ ਵਿਆਪਕਤਾ ਸਾਡੇ ਹਿਰਦੇ ਵਿਚ ਵਸਾ ਦਿੰਦਾ ਹੈ। ਸਿੱਖ ਧਰਮ ਵਿਚ ਅੰਮ੍ਰਿਤ ਛਕਣ ਦਾ ਪ੍ਰਯੋਜਨ ਇਹੋ ਹੈ। ਨਾਮ ਅੰਮ੍ਰਿਤ ਹੈ ਜੋ ਖੰਡੇ ਬਾਟੇ ਦੇ ਵਿਧੀ-ਵਿਧਾਨ ਅਨੁਸਾਰ ਪੰਜ-ਪਿਆਰਿਆਂ ਤੋਂ ਪ੍ਰਾਪਤ ਹੁੰਦਾ ਹੈ। ਬਾਣੀ ਹੀ ਗੁਰੂ ਹੈ ਜਿਸ ਦਾ ਸੰਚਾਰ ਪੰਜ ਪਿਆਰੇ ਪੰਜ ਬਾਣੀਆਂ ਦੇ ਪਾਠ ਰਾਹੀਂ ਕਰਦੇ ਹਨ। 'ਵਾਹਿਗੁਰੂ' ਨਾਮ ਦਾ ਜਾਪ ਦ੍ਰਿੜ੍ਹ ਕਰਵਾਂਦੇ ਹਨ।

**ਸਿਮਰਨ ਸਾਧਨਾ** – ਨਾਮ-ਸਿਮਰਨ ਵਿਚ ਮਨ ਦਾ ਟਿਕਾਉ ਅਤੇ ਰਸਤੇ ਵਿਚ ਆਉਣ ਵਾਲੀਆਂ ਔਕੜਾਂ ਤੋਂ ਬਚਾਉ ਕੇਵਲ ਗੁਰੂ ਦੀ ਨਦਰਿ ਰਾਹੀਂ ਹੀ ਸੰਭਵ ਹੈ। ਸਤਿਗੁਰੂ ਦੀ ਸ਼ਰਨ, ਸਤਿਗੁਰੂ ਦੀ ਸੇਵਾ, ਮਨ ਦੀ ਨਿਰਮਲਤਾ, ਮਨ ਦਾ ਵਸ ਵਿਚ ਆਉਣਾ ਇਹ ਸਭ ਕੁਝ ਉਸ ਪ੍ਰਮਾਤਮਾ ਦੀ ਨਦਰ, ਗੁਰੂ ਕ੍ਰਿਪਾ ਰਾਹੀਂ ਹੀ ਪ੍ਰਾਪਤ ਹੁੰਦਾ ਹੈ, ਗੁਰਵਾਕ ਹੈ –

*ਨਦਰੀ ਸਤਗੁਰੁ ਸੇਵੀਐ ਨਦਰੀ ਸੇਵਾ ਹੋਇ ॥*
*ਨਦਰੀ ਇਹੁ ਮਨੁ ਵਸਿ ਆਵੈ ਨਦਰੀ ਮਨੁ ਨਿਰਮਲੁ ਹੋਇ॥*
*ਅੰਗ – ੫੫੮*

ਇਸ ਲਈ ਮੁੱਢਲੀ ਤੇ ਮੂਲ ਗੱਲ ਇਹ ਹੈ ਕਿ ਨਾਮ-ਸਿਮਰਨ ਅਭਿਆਸ ਵਿਚ ਬੈਠਣ ਤੋਂ ਪਹਿਲਾਂ ਗੁਰੂ ਜੀ ਅੱਗੇ ਅਰਦਾਸ ਕਰੀਏ ਕਿ ਸਾਡੇ ਤੇ ਕ੍ਰਿਪਾ ਕਰਕੇ ਨਾਮ ਦੀ ਦਾਤ ਬਖਸ਼ਿਸ਼ ਕਰੋ। ਅਰਦਾਸ ਕਰਨ ਦਾ ਢੰਗ ਗੁਰੂ ਜੀ ਆਪ ਕ੍ਰਿਪਾ ਕਰਕੇ ਸਮਝਾਉਂਦੇ ਹਨ –

*ਦੁਇ ਕਰ ਜੋੜਿ ਮਾਗਉ ਇਕੁ ਦਾਨਾ ਸਾਹਿਬਿ ਤੁਠੈ ਪਾਵਾ॥*
*ਸਾਸਿ ਸਾਸਿ ਨਾਨਕੁ ਆਰਾਧੇ ਆਠ ਪਹਰ ਗੁਣ ਗਾਵਾ ॥*
*ਅੰਗ – ੭੪੯*

ਨਾਮ-ਸਿਮਰਨ ਦੀ ਦਾਤ ਸਾਹਿਬ ਦੇ ਤਰੁੱਠ ਪੈਣ ਨਾਲ ਮਿਲਦੀ ਹੈ। ਨਾਮ ਦਾ ਅਭਿਆਸ ਅਤੇ ਗੁਰਬਾਣੀ ਰਾਹੀਂ ਪ੍ਰਭੂ ਦੇ ਗੁਣਾਂ ਦਾ ਗਿਆਨ ਅਤੇ ਗਾਇਨ ਉਸ ਕ੍ਰਿਪਾਲੂ ਪ੍ਰਭੂ ਦੀ ਬਖਸ਼ਿਸ਼ ਹੈ। ਇਸ ਦੀ ਪ੍ਰਾਪਤੀ ਲਈ ਸਦਾ ਐਸੀ ਅਰਦਾਸ ਕਰਨੀ ਹੈ –

*ਇਕ ਨਾਨਕ ਕੀ ਅਰਦਾਸਿ ਜੇ ਤੁਧੁ ਭਾਵਸੀ॥*
*ਮੈ ਦੀਜੈ ਨਾਮ ਨਿਵਾਸੁ ਹਰਿ ਗੁਣ ਗਾਵਸੀ॥ ਅੰਗ – ੭੫੨*

ਸਿਮਰਨ ਅਭਿਆਸ ਵਿਚ ਬੈਠਣ ਤੋਂ ਪਹਿਲਾਂ ਗੁਰਸਿੱਖ ਨੇ ਗੁਰੂ ਦੇ ਸ਼ਬਦਾਂ ਰਾਹੀਂ ਬਾਰ-ਬਾਰ ਬੇਨਤੀ ਕਰਨੀ ਹੈ–

*ਕਰਹੁ ਕ੍ਰਿਪਾ ਸਰਬ ਕੇ ਦਾਤੇ ਏਕ ਰੂਪ ਲਿਵ ਲਾਵਹੁ ॥*
*ਨਾਨਕ ਕੀ ਬੇਨੰਤੀ ਹਰਿ ਪਹਿ ਅਪੁਨਾ ਨਾਮੁ ਜਪਾਵਹੁ ॥*
*ਅੰਗ – ੨੧੬*

'ਅਪੁਨਾ ਨਾਮੁ ਜਪਾਵਹੁ' ਨਾਮ ਜਪਣ ਦੀ ਵਿਧੀ ਗੁਰੂ ਜੀ ਆਪ ਬਖਸ਼ਿਸ਼ ਕਰਦੇ ਹਨ। ਰਸਨਾ ਨਾਲ ਨਾਮ ਜਪਣਾ ਹੈ, 'ਵਾਹਿਗੁਰੂ' ਸ਼ਬਦ ਉਚਾਰਨ ਕਰਨਾ ਹੈ ਅਤੇ ਕੰਨਾਂ ਨਾਲ ਇਸ 'ਵਾਹਿਗੁਰ' ਗੁਰਮੰਤਰ ਦੀ ਧੁਨ, ਆਵਾਜ਼ ਨੂੰ ਸੁਣਨਾ ਹੈ। ਇਸ ਤਰ੍ਹਾਂ ਧਿਆਨ ਜੋੜ ਕੇ ਅਭਿਆਸ ਕਰਨਾ ਹੈ। ਇਹ ਅਭਿਆਸ ਸੁਵਿਧਾ ਅਨੁਸਾਰ ਬੋਲ ਕੇ ਜਾਂ ਧੀਮੀ ਆਵਾਜ਼ ਵਿਚ, ਜਾਂ ਕੁਝ ਅਭਿਆਸ ਮਗਰੋਂ, ਅੰਦਰ ਹੀ ਅੰਦਰ ਬੋਲਿਆ ਤੇ ਸੁਣਿਆ ਜਾ ਸਕਦਾ ਹੈ। ਰਸਨਾ ਨਾਲ ਜਪ ਕਰਨ ਅਤੇ ਕੰਨਾਂ ਰਾਹੀਂ ਸੁਣਨ ਦਾ ਗੁਰਬਾਣੀ ਵਿਚ ਬਾਰ-ਬਾਰ ਜ਼ਿਕਰ ਆਇਆ ਹੈ।

ਤਨ ਅਤੇ ਮਨ ਦੀ ਨਿਰਮਲਤਾ ਦਾ ਸਾਧਨ ਵੀ ਪਿਆਰ ਨਾਲ, ਰਸਨਾ ਰਾਹੀਂ ਨਾਮ ਦਾ ਉਚਾਰਨ ਹੈ –

*ਰਸਨਾ ਸਚਾ ਸਿਮਰੀਐ ਮਨੁ ਤਨੁ ਨਿਰਮਲੁ ਹੋਇ॥*
*ਅੰਗ – ੪੯*

ਗੁਰਬਾਣੀ ਅਨੁਸਾਰ ਰਸਨਾ ਨਾਲ ਸਿਮਰਨ ਕਰਨ ਅਤੇ ਗੁਣ ਗਾਇਨ ਕਰਨ ਨਾਲ ਸਰਬ ਸੁੱਖ, ਸ਼ਾਂਤੀ, ਸਹਜ ਅਤੇ ਪਰਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ ਅਤੇ ਸਾਰੇ ਦੁੱਖਾਂ ਤੋਂ ਛੁਟਕਾਰਾ ਹੋ ਜਾਂਦਾ ਹੈ –

*ਰਸਨਾ ਗੁਣ ਗੋਪਾਲ ਨਿਧਿ ਗਾਇਣ॥*
*ਸਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ॥*
*ਅੰਗ – ੭੧੩*

ਰਸਨਾ ਨਾਲ ਨਾਮ-ਜਾਪ ਕਰਨ ਨਾਲ ਇਸ ਲੋਕ ਵਿਚ ਬੇਅੰਤ ਸੁਖ ਅਤੇ ਅਨੰਦ ਮਿਲਦਾ ਹੈ ਅਤੇ ਇਹ ਜੀਵਨ ਸਮਾਪਤ ਹੋਣ ਉਪਰੰਤ ਸਿਮਰਿਆ ਨਾਮ, ਜੀਵ ਲਈ ਅਤਿਅੰਤ ਸਹਾਇਕ ਸਿੱਧ ਹੁੰਦਾ ਹੈ –

*ਰਸਨਾ ਜਪੀਐ ਏਕੁ ਨਾਮ॥*
*ਈਹਾ ਸੁਖੁ ਆਨੰਦੁ ਘਨਾ ਆਗੈ ਜੀਅ ਕੈ ਸੰਗਿ ਕਾਮ॥*
*ਅੰਗ – ੨੧੧*

ਗੁਰੂ ਮਹਾਰਾਜ ਦਾ ਫੁਰਮਾਨ ਹੈ ਕਿ ਜਿਹੜੇ ਮਨੁੱਖ ਰਸਨਾ ਨਾਲ ਨਾਮ ਉਚਾਰਣ ਕਰਦੇ ਹਨ (ਵਾਹਿਗੁਰੂ-ਵਾਹਿਗੁਰੂ ਪਿਆਰ ਨਾਲ ਬੋਲਦੇ ਹਨ) ਅਤੇ ਅੰਮ੍ਰਿਤ-ਮਈ ਇਸ ਨਾਮ ਨੂੰ ਕੰਨਾਂ ਨਾਲ ਸੁਣਦੇ ਹਨ ਅਤੇ ਇਸ ਤਰ੍ਹਾਂ ਪਾਰਬ੍ਰਹਮ ਦਾ ਧਿਆਨ ਧਾਰਦੇ ਹਨ, ਮੈਂ ਉਨ੍ਹਾਂ ਤੋਂ ਬਲਿਹਾਰ ਜਾਂਦਾ ਹਾਂ–

*ਰਸਨਾ ਉਚਰੰਤਿ ਨਾਮੰ ਸ੍ਰਵਣੰ ਸੁਨੰਤਿ ਸਬਦ ਅੰਮ੍ਰਿਤਹ ॥*
*ਨਾਨਕ ਤਿਨ ਸਦ ਬਲਿਹਾਰੰ ਜਿਨਾ ਧਿਆਨੁ ਪਾਰਬ੍ਰਹਮਣ ॥*
*ਅੰਗ – ੭੦੯*

ਇਹ ਜਾਪ ਕਿੰਨਾ ਸਮਾਂ ਕਰਨਾ ਚਾਹੀਦਾ ਹੈ? ਇਸ ਦਾ ਉਤਰ ਵੀ ਗੁਰਬਾਣੀ ਵਿਚ ਪ੍ਰਾਪਤ ਹੈ।

ਅੱਠੇ ਪਹਿਰ, ੨੪ ਘੰਟੇ, ਦਿਨ ਰਾਤ, ਉਠਦਿਆਂ

ਬਹਿੰਦਿਆਂ, ਸੁਤਿਆਂ ਜਾਗਦਿਆਂ, ਕੰਮ 'ਤੇ ਜਾਂਦਿਆਂ, ਆਉਂਦਿਆਂ, ਕੰਮ ਕਰਦਿਆਂ, ਹਰ ਘੜੀ ਉਸ ਦੀ ਯਾਦ ਬਣੀ ਰਹੇ। ਐਸੇ ਕਈ ਫੁਰਮਾਨ ਗੁਰੂ ਜੀ ਨੇ ਬਖਸ਼ਿਸ਼ ਕੀਤੇ ਹਨ -

***ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰੁ ਰਿਦੈ ਚਿਤਾਰਿ॥***
***ਚਰਣ ਸਰਣ ਭਜੁ ਸੰਗਿ ਸਾਧੂ ਭਵ ਸਾਗਰ ਉਤਰਹਿ ਪਾਰਿ॥***
***ਅੰਗ - ੧੦੦੭***

ਅੱਠੇ ਪਹਿਰ, ਹਰ ਸਮੇਂ ਪ੍ਰਭੂ ਦੀ ਯਾਦ, ਨਾਮ-ਸਿਮਰਨ ਕਿਉਂ ਜ਼ਰੂਰੀ ਹੈ? ਹਰ ਸਮੇਂ ਪ੍ਰਭੂ ਦੀ ਯਾਦ ਵਿਚ ਜੀਉਣਾ ਇਸ ਲਈ ਜ਼ਰੂਰੀ ਹੈ ਕਿ ਸਾਡਾ ਮਨ ਪਿਛਲੇ ਕਈ ਜਨਮਾਂ ਦੇ ਸੰਸਕਾਰਾਂ ਦੀ ਮੈਲ ਸੰਭਾਲੀ ਬੈਠਾ ਹੈ। ਵਿਕਾਰ - ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ, ਕਈ ਰੂਪਾਂ ਵਿਚ ਐਸੇ ਅਵਸਰਾਂ ਦੀ ਭਾਲ ਵਿਚ ਰਹਿੰਦੇ ਹਨ ਜਦੋਂ ਮਨੁੱਖ ਪ੍ਰਭੂ ਨੂੰ ਭੁੱਲ ਕੇ ਸੁਚੇਤ ਨਹੀਂ ਹੁੰਦਾ, ਇਹ ਵਿਕਾਰ ਕਮਜ਼ੋਰ ਮਨ ਦੀ ਬਿਰਤੀ ਤੋਂ ਵਾਕਿਫ ਹੁੰਦੇ ਹਨ ਤੇ ਜੀਵ ਨੂੰ ਆ ਘੇਰਦੇ ਹਨ। ਗੁਰਬਾਣੀ ਅਨੁਸਾਰ ਕਦੀ ਤਾਂ ਮਨੁੱਖ ਮਨ ਭਗਤੀ ਕਾਰਨ ਆਤਮਿਕ ਉਨਤੀ ਦੀਆਂ ਸਿਖਰਾਂ ਛਹੁੰਦਾ ਹੈ, ਕਦੀ ਨੀਵਾਣਾਂ ਵਿਚ, ਭਟਕਣਾ ਦੀਆਂ ਡੂੰਘੀਆਂ ਖਾਈਆਂ ਵਿਚ ਜਾ ਗਿਰਦਾ ਹੈ -

***ਕਬਹੂ ਜੀਅੜਾ ਊਭਿ ਚੜਤੁ ਹੈ ਕਬਹੂ ਜਾਇ ਪਇਆਲੇ ॥***
***ਲੋਭੀ ਜੀਅੜਾ ਥਿਰੁ ਨ ਰਹਤੁ ਹੈ ਚਾਰੇ ਕੁੰਡਾ ਭਾਲੇ ॥***
***ਅੰਗ - ੮੭੬***

ਪਰਮਾਤਮਾ ਸਰਬ ਸੁੱਖਾਂ, ਮਹਾਂ ਅਨੰਦ ਅਤੇ ਵਿਗਾਸ ਦਾ ਸੋਮਾ ਹੈ, 'ਸਦੀਵ-ਸੁਖ ਬਣਿਆ ਰਹੇ' ਇਸ ਅਵਸਥਾ ਦੀ ਪ੍ਰਾਪਤੀ ਲਈ ਜ਼ਰੂਰੀ ਹੈ ਕਿ ਸੁੱਖਾਂ ਦੇ ਸਾਗਰ-ਪ੍ਰਭੂ ਪ੍ਰਮੇਸ਼ੂਰ ਨਾਲ ਹਰ ਸਮੇਂ ਜੁੜੇ ਰਹੀਏ। ਗੁਰੂ ਗ੍ਰੰਥ ਸਾਹਿਬ ਜੀ ਵਿਚ ਨਿਤਨੇਮ ਦੀਆਂ ਬਾਣੀਆਂ ਉਪਰੰਤ ਪਹਿਲੇ ਸਬਦ (ਮੋਤੀ ਤ ਮੰਦਰ ਉਸਰਹਿ) ਵਿਚ ਹੀ ਮਨ ਦੇ ਭਟਕ ਜਾਣ ਦੇ ਚਾਰ ਕਾਰਨ ਦੱਸੇ ਹਨ -

(ੳ) ਮੋਤੀਆਂ ਨਾਲ ਸ਼ਿੰਗਾਰੇ ਸੁਹਣੇ ਮਹਿਲ ਮਾੜੀਆਂ (ਮੋਤੀ ਤ ਮੰਦਰ ਉਸਰਹਿ.......)

(ਅ) ਸੁੰਦਰ ਇਸਤ੍ਰੀਆਂ ਦੇ ਹਾਵ ਭਾਵ (ਮੋਹਣੀ ਮੁਖਿ ਮਣੀ ਸੋਹੈ.....)

(ੲ) ਜੋਗ ਸਮਾਧੀਆਂ ਰਾਹੀਂ ਪ੍ਰਾਪਤ ਰਿਧੀਆਂ ਸਿੱਧੀਆਂ (ਸਿਧੁ ਹੋਵਾਂ ਸਿਧਿ ਲਾਈ........)

(ਸ) ਰਾਜ-ਭਾਗ, ਸ਼ਾਹੀ ਤਾਕਤ, ਫੌਜਾਂ ਇਤਿਆਦਿ (ਸੁਲਤਾਨੁ ਹੋਵਾ ਮੇਲਿ ਲਸਕਰ...........)

ਚੌਹਾਂ ਹਾਲਤਾਂ ਵਿਚ ਬਾਰ-ਬਾਰ ਇਹ ਖਿਆਲ ਦੁਹਰਾਇਆ ਹੈ -

***ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ॥***
***ਅੰਗ - ੧੪***

***ਕਿਉਂਕਿ -***
***ਹਰਿ ਬਿਨੁ (ਹਰੀ ਦੀ ਯਾਦ ਤੋਂ ਬਿਨਾਂ)***
***ਜੀਉ ਜਲਿ ਬਲਿ ਜਾਉ॥***
***ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥***
***ਅੰਗ - ੧੪***

ਗੁਰਬਾਣੀ ਪੜ੍ਹਨੀ, ਵਿਚਾਰਨੀ ਅਤੇ ਅਮਲ ਵਿਚ ਜੀਉਣੀ ਸਿਮਰਨ ਦਾ ਇਕ ਪੱਖ ਹੈ, 'ਵਾਹਿਗੁਰੂ' ਗੁਰਮੰਤਰ ਦਾ ਜਾਪ ਦੂਜਾ ਪੱਖ। ਦੋ ਪੰਖਾਂ ਦੇ ਸਹਾਰੇ ਹੀ ਉਡਿਆ ਜਾ ਸਕੀਦਾ ਹੈ, ਪ੍ਰਭੂ ਮਿਲਾਪ ਲਈ ਦੋਵੇਂ ਪੱਖ ਜ਼ਰੂਰੀ ਹਨ। ਗੁਰਬਾਣੀ ਤੋਂ ਹੀ ਸਿਮਰਨ ਦੀ ਪ੍ਰੇਰਨਾ ਮਿਲਣੀ ਹੈ। ਬਾਣੀ ਗੁਰਸਿੱਖ ਨੂੰ ਉਤਸ਼ਾਹ ਬਖਸ਼ਦੀ ਹੈ।

ਗੁਰਬਾਣੀ ਤੋਂ ਹੀ ਅਸੀਂ ਨਾਮ-ਸਿਮਰਨ ਅਭਿਆਸ ਦਾ ਸੰਜਮ ਸਿਖਣਾ ਹੈ। ਗੁਰਬਾਣੀ-ਸਿਮਰਨ ਇਕ ਸੋਹਣੀ ਸੁਚੱਜੀ ਸੱਚੀ-ਸੁੱਚੀ ਜੀਵਨ-ਜਾਚ ਹੈ। ਇਹ ਸੱਚਾ ਪ੍ਰਭੂ ਪ੍ਰੇਮ ਹੈ, ਬਾਹਰੀ ਭੇਖ ਵਿਖਾਵਾ ਨਹੀਂ।

ਗੁਰਬਾਣੀ ਨਾਮ-ਅਭਿਆਸੀ ਨੂੰ ਹਰ ਤਰ੍ਹਾਂ ਦੇ ਵੈਰ-ਵਿਰੋਧ, ਨਿੰਦਿਆ ਚੁਗਲੀ, ਝੂਠ, ਫਰੇਬ, ਹਉਮੈ-ਅਹੰਕਾਰ, ਵਿਸ਼ੇ-ਵਿਕਾਰਾਂ ਤੋਂ ਵਰਜਦੀ ਹੈ ਅਤੇ ਸਿਮਰਨ ਹੀ ਇਨ੍ਹਾਂ ਤੋਂ ਮੁਕਤ ਹੋਣ ਦਾ ਸਭ ਤੋਂ ਸ੍ਰੇਸ਼ਠ ਸਾਧਨ ਹੈ।

ਸਿਮਰਨ ਅਭਿਆਸ ਵਿਅਕਤੀਗਤ ਵੀ ਹੈ, ਸੰਗਤੀ ਵੀ। ਵਿਅਕਤੀਗਤ ਲਈ ਇਕਾਂਤ ਅਸਥਾਨ, ਅੰਮ੍ਰਿਤ-ਵੇਲਾ, ਸਾਵਧਾਨਤਾ ਸਹਾਇਕ ਹਨ। ਸੰਗਤ, ਸਾਧ ਸੰਗਤ, ਸਤਿ ਸੰਗਤ, ਨਾਮ ਅਭਿਆਸੀਆਂ ਹਰਿ ਹਨ, ਸਾਧ ਜਨ, ਸੰਤ ਮਹਾਂਪੁਰਸ਼ਾਂ ਦੀ ਸੰਗਤ ਅਤਿ ਲਾਭਦਾਇਕ ਸਿੱਧ ਹੁੰਦੀ ਹੈ। ਜਿਥੇ ਮਿਲ ਕੇ ਨਾਮ ਜਪਿਆ ਜਾਂਦਾ ਹੈ, ਜਿਥੇ ਨਾਮ-ਅਭਿਆਸੀ ਪ੍ਰਭੂ ਭਗਤੀ ਵਿਚ ਜੁੜਦੇ ਹਨ, ਉਸ ਅਸਥਾਨ ਦੀ ਮਹਿਮਾ ਅਕੱਥ ਹੈ। 'ਪ੍ਰਭ ਜੀ ਬਸੈ ਸਾਧ ਕੀ ਰਸਨਾ' ਦਾ ਬਖਾਨ ਕਠਨ ਹੈ।

ਗੁਰਦੁਆਰਾ ਸਾਹਿਬਾਨ, ਜਿਥੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤ ਜੁੜਦੀ ਹੈ, ਗੁਰਬਾਣੀ ਦਾ ਕੀਰਤਨ, ਸ਼ਬਦ ਦੀ ਵਿਆਖਿਆ ਅਤੇ ਨਾਮ-ਸਿਮਰਨ ਦਾ ਅਭਿਆਸ ਹੁੰਦਾ ਹੈ, ਉਹ ਅਸਥਾਨ ਸ਼ੋਭਨੀਕ ਹਨ।

ਉਹ ਮਨ, ਉਹ ਹਿਰਦਾ ਸ਼ੁਭ ਹੈ, ਸ਼ੋਭਨੀਕ ਹੈ ਜਿਸ ਹਿਰਦੇ ਰੂਪੀ ਘਰ ਵਿਚ ਪ੍ਰਭੂ ਦਾ ਨਾਮ ਜਪਿਆ ਜਾਂਦਾ ਹੈ, ਜਿਥੇ ਨਾਮ ਆ ਵਸਦਾ ਹੈ, ਟਿਕ ਜਾਂਦਾ ਹੈ।

# 'ਬੇਗਮਪੁਰਾ' ਸਿਧਾਂਤ ਦੇ ਬਾਨੀ ਭਗਤ ਰਵਿਦਾਸ ਜੀ

*[ਭਾਈ ਰਵਿੰਦਰ ਸਿੰਘ ਸੈਂਪਲਾ, ਐਡਵੋਕੇਟ]*

ਗੰਗਾ ਤੱਟ ਉਤੇ ਬਨਾਰਸ ਦੀ ਧਰਤੀ ਤੇ ਮੱਧਕਾਲੀਨ ਭਾਰਤ ਵਿੱਚ ਉੱਦੋਂ ਜਦੋਂ ਸਮਾਜਿਕ ਹਾਲਤ ਦੇ ਪੱਖੋਂ ਸਮਾਜ ਜਾਤੀ ਬੰਧਨ ਵਿੱਚ ਗਰਸਤ ਸੀ, ਤੱਦ ਅਕਾਲ ਰੂਪੀ ਪੈਰੋਕਾਰ ਰਵਿਦਾਸ ਜੀ ਨੇ ਅਖੌਤੀ ਦਲਿਤ ਸਮਾਜ ਵਿੱਚ ਜਨਮ ਲੈ ਕੇ ਨੀਵੀਆਂ ਜਾਤੀਆਂ ਤੇ ਹੋ ਰਹੇ ਅਤਿਆਚਾਰ ਵਿਰੁੱਧ ਪਾਰਬ੍ਰਹਮ ਦੇ ਦਰਸਾਏ ਮਾਰਗ ਜਰੀਏ ਚੋਟ ਕੀਤੀ। ਸਮਾਜ, ਕਿੱਤੇ ਦੇ ਹਿਸਾਬ ਨਾਲ ਵੰਡ ਚੁਕਿਆ ਸੀ। ਨੀਵੀ ਜਾਤੀ ਕਿਰਤੀ ਸ੍ਰੇਣੀ ਸੀ ਪਰ ਉੱਚ ਜਾਤੀ ਦੇ ਸ਼ੋਸ਼ਣ ਦਾ ਸਿਕਾਰ ਸੀ। ਉਸ ਵਕਤ ਇਸ ਪਾਵਨ ਰੂਹ ਨੇ ਭਾਰਤ ਦੀ ਤਰਸਯੋਗ ਹੋ ਚੁਕੀ ਹਾਲਤ ਵਿੱਚ ਤਬਦੀਲੀਆਂ ਲਿਆਉਣ ਲਈ ਕ੍ਰਾਂਤੀਕਾਰੀ ਬਾਣੀ ਦੀ ਰਚਨਾ ਕੀਤੀ। ਆਪਣੇ ਜਨਮ ਸਥਾਨ ਤੇ ਜਾਤ ਦਾ ਬਿਨਾ ਝਿਜਕ ਵਰਣਨ ਕਰਕੇ ਉੱਚ ਜਾਤੀ ਦੇ ਲੋਕਾਂ ਨੂੰ ਐਸਾ ਸੁਨੇਹਾ ਦਿਤਾ ਕੇ ਬ੍ਰਾਹਮਣ ਜਾਤੀ ਵੀ ਰਵਿਦਾਸ ਜੀ ਦੀ ਪੈਰੋਕਾਰ ਹੋ ਨਿਬੜੀ।

***ਮੇਰੀ ਜਾਤਿ ਕੁਟ ਬਾਂਢਲਾ ਢੋਰ ਢੋਵੰਤਾ***
***ਨਿਤਹਿ ਬਾਨਾਰਸੀ ਆਸ ਪਾਸਾ॥ ਅੰਗ - 1293***

ਆਪ ਜੀ ਦੀ ਰਚੀ ਬਾਣੀ ਦੇ 40 ਸ਼ਬਦ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ਼ਾਮਿਲ ਕੀਤੇ ਤੇ ਕਲਿਆਣਕਾਰੀ ਬਾਣੀ ਨੇ ਅਖੋਤੀ ਦਲਿਤ ਸਮਾਜ ਦੀ ਦਸ਼ਾ ਹੀ ਬਦਲ ਕੇ ਰੱਖ ਦਿੱਤੀ। ਭਗਤ ਰਵਿਦਾਸ ਜੀ ਨੇ ਆਪਣੀ ਬਾਣੀ ਦੀ ਰਚਨਾ ਵੇਲੇ ਰਾਜਨੀਤਿਕ, ਸਮਾਜਿਕ ਅਤੇ ਧਾਰਮਿਕ ਦ੍ਰਿਸਟੀ ਤੋਂ ਸਮਾਜ ਨੂੰ ਸੇਧ ਦੇ ਕੇ ਬੇਗਮਪੁਰਾ ਦੇ ਸਿਧਾਂਤ ਦੀ ਨੀਂਵ ਰੱਖੀ। ਆਪ ਅਕਸਰ ਇਕ ਐਸੇ ਨਗਰ/ਸ਼ਹਿਰ ਦੀ ਸਥਾਪਤੀ ਲਈ ਸੰਘਰਸ਼ਸ਼ੀਲ ਰਹੇ ਜਿਥੇ ਊਚ ਨੀਚ ਨੂੰ ਨਕਾਰ ਕੇ ਬਰਾਬਰਤਾ ਦੀ ਗੱਲ ਹੋਵੇ ਅਤੇ ਸੁਆਰਥੀ ਧਰਮ ਪੁਰੋਹਿਤਾਂ ਵੱਲੋਂ ਸਥਾਪਿਤ ਧਾਰਮਿਕ ਤੇ ਸਮਾਜਿਕ ਵਿਵਸਥਾ ਅਨੁਸਾਰ ਸਮਾਜ ਵਿੱਚ ਨੀਵੀਆਂ ਸਮਝੀਆਂ ਜਾਂਦੀਆਂ ਜਾਤਾ ਨੂੰ ਧਰਮ ਗ੍ਰੰਥਾਂ ਦੇ ਅਧਿਐਨ ਅਤੇ ਵਿੱਦਿਆ ਗ੍ਰਹਿਣ ਕਰਨ ਤੋਂ ਵਰਜਣ ਵਾਲੇ ਸਮਾਜ ਦੀ ਦਿਸ਼ਾ ਬਦਲ ਕੇ ਕਰਮਾਂ ਕਾਂਢਾਂ ਵਿੱਚ ਉਲਝੇ ਸਮਾਜ ਨੂੰ ਨਵਾਂ ਰੂਪ ਦੇ ਕੇ ਬੇਗਮਪੁਰਾ ਦੀ ਸਥਾਪਤੀ ਹੋਵੇ।

***ਬੇਗਮ ਪੁਰਾ ਸਹਰ ਕੋ ਨਾਉ॥***
***ਦੂਖ ਅੰਦੋਹੁ ਨਹੀ ਤਿਹਿ ਠਾਉ॥***

ਇਸ ਪ੍ਰਕਾਰ ਭਗਤ ਰਵਿਦਾਸ ਜੀ ਨੇ ਕ੍ਰਾਂਤੀਕਾਰੀ ਆਗੂ ਵਜੋਂ ਸਮਾਜ ਅੰਦਰ ਘਰ ਕਰ ਚੁਕੀਆਂ ਬੁਰਾਈਆਂ ਦੇ ਕਾਰਨਾਂ ਨੂੰ ਸਮਝਦੇ ਹੋਏ ਅਖੌਤੀ ਦਲਿਤ ਸਮਾਜ ਦੇ ਲੋਕਾਂ ਨੂੰ ਸਮਾਜਿਕ, ਮਾਨਸਿਕ, ਧਾਰਮਿਕ ਤੇ ਰਾਜਨੀਤਿਕ ਤੌਰ ਤੇ ਤਿਆਰ ਕਰਕੇ ਨਵੇਂ ਸਮਾਜ ਦੀ ਸਿਰਜਨਾ ਲਈ ਮਾਰਗ ਦਰਸ਼ਨ ਕੀਤਾ।

ਜਿੱਥੇ ਭਗਤ ਜੀ ਦੀ ਵਿਚਾਰਧਾਰਾ ਨੇ ਅੰਮ੍ਰਿਤ ਬਾਣੀ ਜਰੀਏ ਲੋਕ ਮਨਾਂ ਅੰਦਰ ਨਵੀਂ ਪਰਵਿਰਤੀ ਪੈਦਾ ਕੀਤੀ ਉਥੇ ਉੱਚ ਸ੍ਰੇਣੀ ਦੇ ਲੋਕਾਂ ਦੀ ਵੈਰ ਭਾਵਨਾ ਦਾ ਪੁਰਜੋਰ ਵਿਰੋਧ ਵੀ ਕੀਤਾ। ਉਨ੍ਹਾਂ ਸਦਾ ਅਕਾਲ ਪੁਰਖ ਨੂੰ ਸਮਰਪਿਤ ਹੁੰਦਿਆ, ਆਪ ਨੀਵੀ ਜਾਤੀ ਨਾਲ ਸੰਬੰਧਿਤ ਹੁੰਦਿਆਂ ਅਤੇ ਉਚ ਸ਼੍ਰੇਣੀ ਵਲੋਂ ਵਰਜਿਤ ਹੋਣ ਦੇ ਬਾਵਜੂਦ ਪ੍ਰਭੂ ਦੀ ਉਸਤਤੀ ਵਿੱਚ ਅਪਾਰ ਬਾਣੀ ਰਚੀ ਤੇ ਸੁਕਰਗੁਜਾਰ ਹੁੰਦਿਆਂ ਸ਼ਬਦ ਉਚਾਰਿਆ।

***ਐਸੀ ਲਾਲ ਤੁਝ ਬਿਨ ਕਉਨੁ ਕਰੈ॥***
***ਗਰੀਬ ਨਿਵਾਜੁ ਗੁਸਈਆਂ ਮੇਰਾ ਮਾਥੈ ਛਤ੍ਰ ਧਰੈ॥***

ਭਗਤ ਰਵਿਦਾਸ ਜੀ ਦੇ ਜਨਮ ਮਨੋਰਥ ਦਾ ਅਸਲ ਕਾਰਨ ਹੀ ਸਮਾਜਿਕ ਬਰਾਬਰਤਾ ਸੀ। ਜਿਸਦੀ ਪੂਰਤੀ ਬੇਗਮਪੁਰਾ ਦੀ ਸਥਾਪਤੀ ਨਾਲ ਸੰਭਵ ਸੀ। ਇਸ ਲਈ ਭਗਤ ਰਵਿਦਾਸ ਜੀ ਨੇ ਇਕਲੋਕ ਆਗੂ ਅਤੇ ਕ੍ਰਾਤੀਂਕਾਰੀ ਸਮਾਜ ਸੁਧਾਰਕ ਵਜੋਂ ਵਿਚਰਦਿਆਂ, ਸਮਾਜਿਕ ਤੇ ਰਾਜਨੀਤੀਕ ਦ੍ਰਿਸ਼ਟੀ ਤੋਂ ਲੋਕਾਂ ਨੂੰ ਸੁਚੇਤ ਕਰਨ ਦਾ ਕਾਰਜ ਅਰੰਭਿਆ ਅਤੇ ਬੇਗਮਪੁਰਾ ਦੇ ਸਿਧਾਂਤ ਤੇ ਕੰਮ ਕਰਨਾ ਸੁਰੂ ਕੀਤਾ। ਭਾਵੇਂ ਕਿ ਉੱਚ ਸ਼੍ਰੇਣੀ ਦੇ

ਲੋਕਾਂ ਨੂੰ ਇਹ ਗੱਲ ਹਰਗਿਜ ਮਨਜੂਰ ਨਹੀਂ ਸੀ ਪਰ ਫਿਰ ਵੀ ਇਲਾਹੀ ਹੁਕਮ ਦੇ ਪੈਰੋਕਾਰ ਰਵਿਦਾਸ ਜੀ ਨੇ ਦਲਿਤ ਲੋਕਾਂ ਨੂੰ ਰਾਜਨੀਤਿਕ ਕੰਮਾਂ ਵਿੱਚ ਹਿੱਸਾ ਲੈਣ ਦਾ ਅਧਿਕਾਰ ਦਿੱਤਾ। ਸਮਾਜ ਵਿੱਚ ਇਸ ਪ੍ਰਕਿਰਿਆ ਦੇ ਅੱਦਭੁਤ ਨਤੀਜੇ ਆਉਣ ਨਾਲ ਇਕ ਆਦਰਸ਼ ਸਮਾਜ ਦਾ ਨਮੂਨਾ ਉਤਪੱਨ ਹੋਇਆ। ਬੇਗਮਪੁਰਾ ਸ਼ਹਿਰ ਅਨੁਸਾਰ ਉਥੇ ਕਿਸੇ ਨੂੰ ਉੱਚ ਨੀਚ ਦੇ ਪੱਖ ਤੋਂ ਨਹੀਂ ਦੇਖਿਆ ਜਾਵੇਗਾ। ਜਿਥੇ ਕਿਸੇ ਨੂੰ ਕੋਈ ਦੁੱਖ ਤਕਲੀਫ ਨ ਹੋਵੇ ਅਤੇ ਉਸ ਥਾਂ ਨਾਗਰਿਕਾਂ ਦੇ ਜਾਨ-ਮਾਲ ਦੀ ਪੂਰਨ ਸੁਰੱਖਿਆ ਹੋਵੇਗੀ। ਬੇਗਮਪੁਰਾ 'ਚ ਕਿਸੇ ਨੂੰ ਅੰਦਰੂਨੀ ਜਾਂ ਬਾਹਰੀ ਤਾਕਤ ਤੋਂ ਕੋਈ ਖਤਰਾ ਨਹੀਂ ਹੋਵੇਗਾ ਤੇ ਨਾਗਰਿਕ ਪੂਰਨ ਤੌਰ ਤੇ ਸੁਤੰਤਰਤਾ ਨਾਲ ਵਿਚਰ ਸਕਣਗੇ।

ਪਰ ਇਸ ਸਿਧਾਂਤ ਦੇ ਜਨਮ ਨਾਲ ਭਗਤ ਜੀ ਦੀ ਲੋਕਪ੍ਰਿਯਤਾ 'ਚ ਅਥਾਹ ਉਭਾਰ ਆਇਆ ਜੋ ਕਿ ਕੱਟੜਪੰਥੀ ਬ੍ਰਾਹਮਣ ਸਮਾਜ ਲਈ ਸਹਿਣਯੋਗ ਨਹੀਂ ਸੀ ਤੇ ਉਹਨਾਂ, ਉਸ ਸਮੇਂ ਦੇ ਹਾਕਮਾਂ ਕੋਲ ਰਵਿਦਾਸ ਜੀ ਦੇ ਖਿਲਾਫ ਕੰਨ ਭਰਨੇ ਸ਼ੁਰੂ ਕਰ ਦਿੱਤੇ। ਪਰ ਸਭ ਹਿੱਲੇ ਵਸੀਲੇ ਵਿਅਰਤ ਸਾਬਿਤ ਹੋਏ। ਉਲਟਾ ਚਿਤੌੜ ਦੀ ਰਾਣੀ ਝਾਲੀ ਬਾਈ ਵੀ ਰਵੀਦਾਸ ਜੀ ਦੀ ਭਗਤ ਹੋ ਨਿਬੜੀ ਤੇ ਭਗਤ ਰਵੀਦਾਸ ਜੀ ਦੀ ਸ਼ਿਸ ਬਣੀ।

ਵਿਦਵਾਨ ਵਰਗ ਵਿੱਚ ਵੀ ਰਵੀਦਾਸ ਜੀ ਦੀ ਬਾਣੀ ਦਾ ਡੰਕਾ ਬੋਲਦਾ ਸੀ। ਉਹਨਾਂ ਆਪਣੀ ਕ੍ਰਾਂਤੀਕਾਰੀ ਬਾਣੀ ਤੇ ਬਚਨਾਂ ਜਰੀਏ ਦਿਸ਼ਾਹੀਣ ਹੋ ਚੁਕੇ ਸਮਾਜ ਨੂੰ ਸੇਧ ਪੂਰਵਕ ਪ੍ਰੇਰਣਾ ਦਿੱਤੀ ਤੇ ਆਪਣਾ ਜੀਵਨ ਅਨੁਭਵ ਜਾਹਰ ਕਰਦਿਆਂ ਭਵ ਸਾਗਰ ਨੂੰ ਪਾਰ ਕਰਨ ਦਾ ਜਰੀਆ ਸਿੱਧ ਕੀਤਾ।

***ਕਹਿ ਰਵਿਦਾਸ ਸਭੈ ਜਗੁ ਲੂਟਿਆ॥***
***ਹਮ ਤਉ ਏਕ ਰਾਮੁ ਕਹਿ ਛੂਟਿਆ॥ ਅੰਗ - 794***

ਬੇਗਮਪੁਰਾ ਦੀ ਸਥਾਪਤੀ ਉਸ ਸਮੇਂ ਦੇ ਧਰਮ ਕਰਮ ਕਾਂਡ ਨੂੰ ਸਿੱਧੇ ਰੂਪ 'ਚ ਚੁਣੌਤੀ ਦੇਣਾ ਸੀ। ਭਗਤ ਜੀ ਨੇ ਬੇਗਮਪੁਰਾ ਦੇ ਵਾਸੀਆਂ ਨੂੰ ਪੱਥਰ ਦੇ ਠਾਕਰ ਨੂੰ ਨਾ ਪੂਜ ਕੇ ਪਾਰਬ੍ਰਹਮ ਦੀ ਉਪਾਸਨਾ 'ਚ ਜੀਵਨ ਬਸ਼ਰ ਕਰਨ ਲਈ ਪਰੇਰਿਆ ਤੇ ਇਸ ਤਰ੍ਹਾਂ ਭਗਤ ਰਵਿਦਾਸ ਜੀ ਦੁਆਰਾ ਦੱਸੀ ਸਾਧਨਾ ਵਿੱਚ ਮੂਰਤੀ ਪੂਜਾ ਤੇ ਫਜੂਲ ਦੇ ਕਰਮ ਕਾਂਡਾਂ ਦਾ ਕੋਈ ਸਥਾਨ ਬਾਕੀ ਨਾ ਬਚਿਆ। ਭਗਤ ਜੀ ਨੇ ਉਦੇਸ਼ ਕੀਤਾ ਕਿ ਧਰਮ ਅੰਧ ਵਿਸਵਾਸ ਨਹੀਂ ਬਲਕਿ ਪੂਰਨ ਗਿਆਨ ਦੀ ਪਰਾਪਤੀ ਹੋਣ ਨੂੰ ਕਹਿਆ ਜਾਂਦਾ ਹੈ ਤੇ ਅਗਿਆਨਤਾ ਹੀ ਪਰਮਾਤਮਾ ਤੇ ਮਨੁੱਖ ਵਿਚਕਾਰ ਫਾਸਲੇ ਦਾ ਅਸਲ ਕਾਰਨ ਹੈ। ਸੱਚੇ ਮਾਰਗ ਦੀ ਪ੍ਰਾਪਤੀ ਜਰੀਏ ਹੀ ਇਹ ਜਾਣ ਸਕਦੇ ਹਾਂ ਕਿ ਮਨੁੱਖੀ ਆਚਰਣ ਦਾ ਅਸਲ ਨਿਰਮਾਣ ਅਕਾਲ ਪੁਰਖ ਵਿੱਚ ਇਕ ਮਿਕ ਹੋ ਜਾਣਾ ਹੁੰਦਾ ਹੈ।

ਬੇਮਗਪੁਰਾ ਦਾ ਹਰ ਨਾਗਰਿਕ ਪ੍ਰੇਮ, ਦਇਆ ਅਤੇ ਸੇਵਾ ਦੇ ਗੁਣਾਂ ਦਾ ਧਾਰਣੀ ਹੋਵੇਗਾ ਤੇ ਜਿਵੇਂ ਮਨੁੱਖੀ ਜੀਵਨ ਦੀ ਪਰਾਪਤੀ ਪ੍ਰਮਾਤਮਾ ਜਰੀਏ ਹੀ ਹੁੰਦੀ ਹੈ ਉਵੇਂ ਹੀ ਮਨੁੱਖ ਨੂੰ ਪ੍ਰਮਾਤਮਾ ਨਾਲ ਪਰੇਮ ਕਰਨ ਲਈ ਮਨੁੱਖ ਨਾਲ ਪ੍ਰੇਮ ਕਰਨਾ ਹੀ ਹੋਵੇਗਾ ਕਿਉਂਕਿ ਪਰੇਮ ਕਾਰਨ ਹੀ ਹਿਰਦੇ ਵਿੱਚ ਦਇਆ ਦਾ ਜਨਮ ਹੁੰਦਾ ਹੈ ਤੇ ਦਇਆ ਹੀ ਧਰਮ ਹੈ। ਬੇਗਮਪੁਰਾ ਦੀ ਨੀਂਵ ਹੀ ਪਰਉਪਕਾਰ ਦੇ ਉਦੇਸ਼ ਨਾਲ ਰੱਖੀ ਗਈ। ਆਪਣੇ ਨਿਜੀ ਹਿੱਤਾਂ ਨੂੰ ਪਿੱਛੇ ਰੱਖ ਕੇ ਦੂਜੇ ਦੀ ਭਲਾਈ ਲਈ ਕੀਤਾ ਕੰਮ ਹੀ ਪਰਉਪਕਾਰ ਦੀ ਅਸਲ ਉਦਾਹਰਣ ਹੈ। ਦੂਜਿਆਂ ਦੇ ਦੁੱਖ ਤਕਲੀਫ ਨੂੰ ਆਪਣਾ ਮੰਨਣਾ ਹੀ ਅਸਲ ਧਰਮ ਹੈ। ਬੇਮਗਪੁਰਾ ਵਿੱਚ ਮਨੁੱਖ ਭਰਮ ਰਹਿਤ ਅਹੰਕਾਰ ਤੋਂ ਮੁਕੱਤ ਅਤੇ ਪਾਪ ਕਰਨ ਤੋਂ ਵਰਜਿਤ ਹੋਵੇਗਾ। ਉਹ ਵਿਕਾਰ, ਨਿੰਦਾ ਤੇ ਭਰਮ ਤੋਂ ਗੁਰੇਜ ਕਰੇਗਾ। ਆਪਣੇ ਅੰਦਰ ਸਮੋਏ ਸਾਰੇ ਅਵਗੁਣਾਂ ਦਾ ਤਿਆਗ ਕਰਕੇ ਹੀ ਬੇਗਮਪੁਰਾ ਵਾਸੀ ਬਣਿਆ ਜਾ ਸਕਦਾ ਹੈ। ਬੇਮਗਪੁਰਾ ਅਭੇਦਤਾ ਤੇ ਸਮਾਨਤਾ ਨੂੰ ਪਾਉਣ ਦਾ ਸਾਧਨ ਹੈ। ਇਸ ਜਗਹ ਕਿਰਤ ਕਰਕੇ ਭੇਦਭਾਵ ਤੋਂ ਮੁਕਤ ਬੁਨਿਆਦੀ ਪੱਖ ਤੋਂ ਮਜਬੂਤ ਸਮਾਜ ਦੀ ਸਿਰਜਣਾ ਹੁੰਦੀ ਹੈ। ਬ੍ਰਾਹਮਣਾਂ ਅਤੇ ਸ਼ੂਦਰਾਂ ਵਿੱਚ ਪਾਈ ਹੋਈ ਵੰਡੀ ਹੀ ਊਚ ਨੀਚ ਦੇ ਸਿਧਾਂਤ ਦਾ ਮੌਲਿਕ ਕਾਰਨ ਹੈ, ਇਸ ਲਈ ਭਗਤ ਰਵੀਦਾਸ ਜੀ ਨੇ ਇਸ ਸਿਧਾਂਤ ਨੂੰ ਮਾਨਵ ਸਮਾਜ ਤੇ ਲਾਗੂ ਕਰਕੇ ਮਨੁੱਖੀ ਸਮਾਨਤਾ ਉੱਤੇ ਜੋਰ ਦਿੱਤਾ।

ਜੇ ਮਨੁੱਖ ਗਿਆਨ ਪਰਾਪਤੀ ਜਰੀਏ ਭਗਤੀ ਦੇ ਪੰਥ ਨੂੰ ਗ੍ਰਹਿਣ ਕਰਦਾ ਹੈ ਤੇ ਉਸ ਪੰਥ ਤੇ ਜੋ ਅਨੰਦ ਉਸ ਮਨੁੱਖ ਨੂੰ ਪ੍ਰਾਪਤ ਹੁੰਦਾ ਹੈ ਉਹੀ ਅਸਲ 'ਚ ਬੇਗਮਪੁਰਾ ਦੀ ਪਰਾਪਤੀ ਮੰਨਿਆ ਜਾਂਦਾ ਹੈ। ਬੇਗਮਪੁਰਾ ਐਸਾ ਸ਼ਹਿਰ ਹੈ ਜਿਤੇ ਸੰਸਾਰਿਕ ਗਮ ਤੋਂ ਮੁਕਤ ਲੋਕ ਵਾਸ ਕਰਦੇ ਹਨ ਤੇ ਅਸਲ 'ਚ ਐਸੀ ਅਵਸਥਾ ਨੂੰ ਹੀ ਸਵਰਗ ਕਹਿਆ ਗਿਆ ਹੈ।

ਬੇਗਮਪੁਰਾ ਵਿੱਚ ਕਿਸੇ ਤੇ ਕੋਈ ਪਾਬੰਦੀ ਨਹੀਂ, ਸਭ ਲੋਕ ਸਮਾਨ ਹਨ, ਕੋਈ ਊਚ ਨੀਚ ਦੇ ਦਰਜੇ ਵਿੱਚ ਵੰਡਿਆ ਨਹੀਂ ਗਿਆ। ਨਾ ਕੋਈ ਹਾਕਮ ਹੈ ਨਾ ਕੋਈ

ਪਰਜਾ ਹੈ। ਨਾ ਕੋਈ ਕਰਜਈ ਹੈ ਤੇ ਨਾ ਕੋਈ ਕਿਸੇ ਦੇ ਅਧੀਨ, ਉੱਥੇ ਬਸ ਨਾਮ ਜਪਣਾ, ਸੁੱਚੀ ਕਿਰਤ ਕਰਨੀ ਅਤੇ ਵੰਡ ਛਕਣਾ ਹੀ ਜੀਵਨ ਦੇ ਪ੍ਰਮੁੱਖ ਅੰਗ ਹਨ।

ਭਗਤ ਰਵੀਦਾਸ ਜੀ ਨੇ ਪਰਮਾਤਮਾ ਨੂੰ ਅਟੱਲ ਸੱਚ ਪਰਵਾਨਿਆ ਹੈ ਅਤੇ ਇਸ ਅਟਲ ਸੱਚ ਨੂੰ ਮੰਨਣਾ ਹੀ ਬੇਗਮਪੁਰਾ ਵਿੱਚ ਵਸਣ ਵਾਲਿਆਂ ਦਾ ਕਿਰਦਾਰ ਵਰਣਨ ਕਰਦਾ ਹੈ। ਉਹਨਾਂ ਮੁਤਾਬਿਕ ਖਾਲਕ ਦੀ ਖਲਕਤ, ਰੰਗ-ਨਸਲ-ਭੇਦ ਤੋਂ ਮੁਕਤ ਮਨੁੱਖ ਹੀ ਬੇਗਮਪੁਰਾ ਦਾ ਅਨੰਦ ਮਾਣਨ ਦਾ ਹੱਕਦਾਰ ਹੈ। ਬੇਗਮਪੁਰਾ ਸ਼ਬਦ ਤੋਂ ਹੀ ਅਧਿਆਤਮਕ ਮੰਡਲ ਦਾ ਪਰਮ ਗਿਆਨ ਮਿਲਦਾ ਹੈ ਤੇ ਬੇਗਮਪੁਰਾ ਮਨੁੱਖੀ ਕਿਰਦਾਰ ਲਈ ਆਦਰਸ਼ਕ ਜੀਵਨ ਜੀਉਣ ਦਾ ਸਾਰਥਕ ਨਮੂਨਾ ਹੈ। ਮਨੁੱਖ ਅੰਦਰ ਭਾਈਚਾਰਕ ਸਾਂਝ ਦੀ ਭਾਵਨਾ ਨੂੰ ਪੈਦਾ ਕਰਨਾ ਅਤੇ ਕੱਟੜਵਾਦ, ਜਾਤੀਪ੍ਰਥਾ ਤੇ ਆਰਥਿਕ ਨਾ-ਬਰਾਬਰੀ ਦਾ ਖਾਤਮਾ ਹੀ ਅਸਲ ਬੇਗਮਪੁਰੇ ਦਾ ਸੰਸਥਾਪਨ ਹੈ।

ਭਗਤ ਰਵਿਦਾਸ ਜੀ ਦੇ ਬਖਸ਼ੇ ਜੀਵਨ ਜਾਂਚ ਦੇ ਉਦੇਸ਼ਾਂ ਵਿੱਚ ਸਭ ਤੋਂ ਉੱਤਮ ਮਨੁੱਖ ਉਹੀ ਹੈ ਜੋ ਜਾਤ ਪਾਤ ਦੀ ਵੰਡ ਤੋਂ ਮੁਕਤ ਹੈ, ਜਿਸ ਲਈ ਸਮਾਨਤਾ ਨਾਲ ਜੀਵਨ ਬਸਰ ਕਰਨਾ ਹੀ ਅਸਲ ਰੱਬ ਦੀ ਪਰਾਪਤੀ ਹੈ ਅਤੇ ਜੋ ਕਿਸੇ ਦੂਜੇ ਵਿਅਕਤੀ ਨਾਲ ਹੀਣ ਭਾਵਨਾ ਨਾ ਰੱਖ ਕੇ, ਮਨ ਦੇ ਵਿਕਾਰਾਂ ਅਤੇ ਆਤਮਕ ਰੁਕਾਵਟਾਂ ਤੋਂ ਸੁਚੇਤ ਹੋ ਕੇ, ਆਪਣੀਆਂ ਵਾਸ਼ਨਾਵਾਂ ਤੇ ਕਾਬੂ ਰੱਖ ਕੇ, ਕਰਮ ਕਾਂਡੀ ਜਾਂ ਡਰਪੋਕ ਬੰਨਣ ਦੀ ਥਾਂ ਨਿਰਭੈਅ ਰਹੇ।

ਬੇਗਮਪੁਰਾ ਦਾ ਸਿਧਾਂਤ ਪਰੰਪਰਿਕ ਲੋਕ ਰਹੁ ਰੀਤਾਂ ਅਤੇ ਕਰਮ ਕਾਂਡ ਤੇ ਮੂਰਤੀ ਪੂਜਾ ਪ੍ਰਤੀ ਅੰਨੀ ਸਰਧਾ ਦੇ ਖਿਲਾਫ ਆਵਾਜ ਬੁਲੰਦ ਕਰਨ ਵਿੱਚ ਅਤੀ ਸਹਾਈ ਹੋਇਆ ਅਤੇ ਸਮਾਂ ਪੈਣ ਮਗਰੋਂ ਇਸੇ ਮੱਤ ਨੇ ਸਮਾਜ ਵਿਚ ਕ੍ਰਾਂਤੀਕਾਰੀ ਬਦਲਾਵ ਲਿਆਉਣ ਵਿੱਚ ਸਹਾਇਤਾ ਕੀਤੀ ਅਤੇ ਉਸ ਵਕਤ ਦੇ ਸਮਾਜਿਕ ਤੇ ਰਾਜਨੀਤੀਕਾਰ ਢਾਂਚੇ ਤੇ ਕਰਾਰੀ ਚੋਟ ਕਰਨ ਕਰਕੇ ਭਗਤ ਜੀ ਨੂੰ ਬਹੁਤ ਕੁੱਝ ਸਹਿਣ ਵੀ ਕਰਨਾ ਪਿਆ, ਪਰ ਭਗਤ ਰਵਿਦਾਸ ਜੀ ਦਾ ਜੀਵਨ ਪਵਿੱਤਰ ਅਤੇ ਉੱਚੀ ਆਤਮਕ ਅਵਸਥਾ ਵਾਲਾ ਹੋਣ ਕਰਕੇ ਦੁਨੀਆਵੀ ਲੋਕਾਂ ਦੇ ਮਾੜੇ ਕਰਮਾਂ ਨੂੰ ਅਣਗੋਲਿਆ ਕਰਨ ਵਾਲਾ ਸੀ, ਜਿਸਦਾ ਕਿ ਉਲਟਾ ਅਸਰ ਉਹਨਾਂ ਤੇ ਈਰਖਾ ਕਰਨ ਵਾਲਿਆਂ ਵਿਰੋਧੀਆਂ ਤੇ ਹੋਇਆ। ਇਸ ਉੱਚੀ ਅਵਸਥਾ ਕਾਰਣ ਹੀ ਭਗਤ ਰਵੀਦਾਸ ਜੀ ਵਿਵਹਾਰ ਵਿੱਚ ਦੂਜਿਆਂ ਤੋਂ ਭਿੰਨ ਨਜ਼ਰ ਆਉਂਦੇ ਸਨ।

ਭਗਤ ਰਵੀਦਾਸ ਜੀ ਹਮੇਸ਼ਾ ਹਰੀ ਨਾਮ ਦੇ ਧਾਰਣੀ ਰਹੇ ਅਤੇ ਲਬ, ਲੋਭ, ਹੰਕਾਰ ਅਤੇ ਤ੍ਰਿਸ਼ਨਾ ਦੇ ਤਿਆਗ ਦੇ ਹਾਮੀ ਰਹੇ। ਉਹਨਾਂ ਅਨੁਸਾਰ ਗਿਆਨ ਦੀ ਪਰਾਪਤੀ ਹੀ ਮਨੁੱਖ ਨੂੰ ਉਸ ਅਵਸਥਾ ਵਿੱਚ ਪਹੁੰਚਾ ਸਕਦੀ ਹੈ, ਜਿਥੇ ਦੁੱਖ ਅਤੇ ਸੁੱਖ ਦੀ ਸਥਿਤੀ ਇੱਕ ਸਮਾਨ ਹੋ ਜਾਂਦੀ ਹੈ ਅਤੇ ਰੂਹ ਪੂਰਨ ਤੌਰ ਤੇ ਪ੍ਰਭੂ ਨੂੰ ਸਮਰਪਿਤ ਹੋ ਕੇ ਰਜ਼ਾ ਵਿਚ ਲੀਨ ਹੋ ਜਾਂਦੀ ਹੈ ਜੇ ਉਸਦੀ ਰਜ਼ਾ ਹੋਵੇ ਤਾਂ ਉਹ ਤਖਤ ਦਾ ਰਾਜ ਬਖਸ਼ ਸਕਦਾ ਹੈ ਤੇ ਜੇ ਉਹ ਚਾਹੇ ਤਾਂ ਭੀਖ ਮੰਗਵਾ ਸਕਦਾ ਹੈ ਪਰ ਪ੍ਰਮਾਤਮਾ ਵਿੱਚ ਇੱਕ-ਮਿੱਕ ਮਨੁੱਖ ਦਾ ਇਹਨਾਂ ਅਵਸਥਾਵਾਂ ਨੂੰ ਇਕ ਸਮਾਨ ਮੰਨਣਾ ਹੀ ਬ੍ਰਹਮ ਗਿਆਨ ਦੀ ਪ੍ਰਾਪਤੀ ਹੈ।

ਬੇਗਮਪੁਰੇ ਦੀ ਪਰਾਪਤੀ ਲਈ ਮਨੁੱਖ ਨੂੰ ਕੋਈ ਜੋਗੀ, ਸੰਨਿਆਸੀ, ਬ੍ਰਹਮਚਾਰੀ ਜਾਂ ਮੋਨੀ ਹੋਣ ਦੀ ਲੋੜ ਨਹੀਂ ਸਗੋਂ ਉਹ ਅਕਾਲ ਪੁਰਕ ਨਾਲ ਧਿਆਨ ਚਿੱਤ ਲਾ ਕੇ ਆਪਣੇ ਵਿਅਕਤੀਗਤ, ਪਰਿਵਾਰਕ ਜੀਵਨ ਵਿੱਚ ਵਿਚਰਦਿਆਂ ਅਤੇ ਆਪਣੀਆਂ ਸਮਾਜਿਕ ਜਿੰਮੇਵਾਰੀਆਂ ਨਿਭਾਉਂਦਿਆਂ ਹੀ ਇਹ ਅਧਿਕਾਰ ਪਰਾਪਤ ਕਰ ਸਕਦਾ ਹੈ। ਭਾਵੇਂ ਭਗਤ ਰਵੀਦਾਸ ਜੀ ਨੂੰ ਅਖੌਤੀ ਨੀਚ ਜਾਤ ਨਾਲ ਸੰਬਧਤ ਹੋਣ ਕਰਕੇ ਇਸ ਪੰਥ ਤੇ ਚਲਣ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ ਪਰ ਭਗਤ ਰਵੀਦਾਸ ਜੀ ਭਗਤੀ ਮਾਰਗ ਦੇ ਤਿਨੋਂ ਮਾਰਗ - ਗਿਆਨ ਮਾਰਗ, ਕਰਮ ਮਾਰਗ ਅਤੇ ਭਗਤੀ ਮਾਰਗ ਨੂੰ ਸਰ ਕਰ ਚੁੱਕੇ ਸਨ ਤੇ ਮੈਂ ਮੈਂ ਤੋਂ ਮੁਕਤ, ਉਸ ਅਵਸਥਾ ਵਿੱਚ ਪਹੁੰਚ ਚੁਕੇ ਸਨ ਜਿੱਥੇ -

***ਤੋਹੀ ਮੋਹੀ ਮੋਹੀ ਤੋਹੀ ਅੰਤਰੁ ਕੈਸਾ॥ ਤਥਾ***
***ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥***

ਵਾਲੀ ਸਥਿਤੀ ਆ ਜਾਂਦੀ ਹੈ। ਭਗਤ ਰਵੀਦਾਸ ਜੀ ਇਕ ਵਾਹਿਗੁਰੂ ਪ੍ਰਮਾਤਮਾ ਦੀ ਭਗਤੀ ਦੀ ਪਰੇਨਾ ਕਰਦੇ ਹਨ। ਉਹਨਾਂ ਅਨੁਸਾਰ ਇਕ ਸ਼ਕਤੀ ਹੀ ਸਰਬ ਵਿਆਪਕ ਹੈ ਅਤੇ ਮਨੁੱਖ ਦੀ ਇੱਜਤ ਪੱਤ ਉਸ ਪਾਰਬ੍ਰਹਮ ਦੇ ਹੱਥ ਵਿੱਚ ਹੀ ਹੈ ਤੇ ਇਹੀ ਆਦਰਸ਼ ਬੇਗਮਪੁਰਾ ਸ਼ਹਿਰ ਦਾ ਵੀ ਹੈ ਜਿਥੇ ਕਿਸੇ ਕਿਸਮ ਦੀ ਮਨ ਮੱਤ ਜਰੀਏ ਪ੍ਰਮਾਤਮਾ ਨੂੰ ਪਾਉਣਾ ਅਸੰਭਵ ਹੈ। ਭਾਵੇਂ ਜੋਗੀ, ਹੱਠੀ ਜਾਂ ਤਪੱਸਵੀ ਬਣ ਕੇ ਜੰਗਲਾਂ ਵਿੱਚ ਤੱਪ ਕਰਕੇ ਪ੍ਰਭੂ ਪ੍ਰਾਪਤੀ ਤਾਂ ਹੋ ਜਾਂਦੀ ਹੈ ਪਰ ਉਹੀ ਗਿਆਨ ਪਰਾਪਤੀ ਅੱਗੇ ਜਾ ਕੇ ਕਰਾਮਾਤੀ ਰੂਪ ਧਾਰਨ

ਕਰਕੇ ਉਸ ਜੋਗੀ ਪੁਰਸ਼ ਦੇ ਵਿਨਾਸ਼ ਦਾ ਕਾਰਨ ਵੀ ਬਣਦੀ ਹੈ, ਇਸ ਲਈ ਬੇਗਮਪੁਰਾ ਵਿਚ ਰਹਿ ਕੇ ਹੀ ਪ੍ਰਭੂ ਵਿੱਚ ਲੀਨ ਹੋਣਾ ਗੁਰੂ ਚਿੰਤਨ ਵਿੱਚ ਪਰਵਾਨਤ ਹੈ। ਮੁਕਤੀ ਪਰਾਪਤੀ ਦਾ ਇਕੋ ਇਕ ਸਾਧਨ ਹਰਿ ਦਾ ਜਾਪ ਕਰਨਾ ਤੇ ਉਸਦੇ ਬਖਸ਼ੇ ਉਦੇਸ਼ ਨੂੰ ਰੋਜਾਨਾ ਜੀਵਨ ਵਿਚ ਧਾਰਨ ਕਰਨਾ ਅਤੇ ਕਾਮ, ਕਰੋਧ, ਲੋਭ, ਮੋਹ, ਹੰਕਾਰ ਦੇ ਤਿਆਗੀ ਬਣਨਾ ਹੀ ਬੇਗਮਪੁਰੇ ਦੀ ਪ੍ਰਾਪਤੀ ਹੈ।

ਬੇਗਮਪੁਰੇ ਦਾ ਸਿਧਾਂਤ ਮਨੁੱਖੀ ਸੋਚ ਦਾ ਘੇਰਾ ਹੋਰ ਉੱਚਾ ਕਰਦਾ ਹੈ ਤੇ ਭਗਤ ਰੀਵਦਾਸ ਜੀ ਅਨੁਸਾਰ ਮਨੁੱਖ ਆਪਣੇ ਨਿਰਮਲ ਅਮਲਾਂ ਕਰਕੇ ਹੀ ਵੱਡਾ ਹੋ ਸਕਦਾ ਹੈ ਨਾਂ ਕਿ ਹਿੰਦੂ ਯਾ ਮੁਸਲਿਮ ਹੋ ਕੇ ਜਾਂ ਜਨੇਊ ਪਾ ਕੇ ਅਤੇ ਵੱਖ-ਵੱਖ ਤੀਰਥਾਂ ਦੀ ਯਾਤਰਾ ਕਰਕੇ। ਬਮੇਗਪੁਰਾ ਵਾਦ-ਵਿਵਾਦ ਤੋਂ ਮੁਕਤੀ ਦਾ ਸਥਾਨ ਹੈ ਅਤੇ ਉਥੇ ਸਾਰੇ ਪਰਸਾਰ ਦਾ ਸੋਮਾ ਹਰਿ ਦਾ ਨਾਮ ਹੀ ਹੈ। ਇਸ ਲਈ ਭਗਤ ਜੀ ਨੇ ਇਕੋ ਸਰਬ ਸ਼ਕਤੀਮਾਨ ਪ੍ਰਮਾਤਮਾ ਦੀ ਉਸਤਤ ਵਿਚ ਜੀਵਨ ਜਿਊਣ ਦਾ ਉਪਦੇਸ਼ ਦਿੱਤਾ ਹੈ। ਬ੍ਰਾਹਮਣ ਉਹ ਨਹੀਂ ਜੋ ਬ੍ਰਾਹਮਣ ਜਾਤੀ ਵਿਚ ਪੈਦਾ ਹੋਇਆ ਹੈ ਸਗੋਂ ਅਸਲ ਬ੍ਰਹਮ ਜਾਣ ਲੈਣ ਵਾਲਾ ਹੀ ਉੱਤਮ ਬ੍ਰਾਹਮਣ ਹੈ। ਮਨੁੱਖ ਦੇ ਬੰਧਨ ਦਾ ਕਾਰਨ ਜਾਤ ਪਾਤ ਹੀ ਹੈ ਤੇ ਬੇਗਮਪੁਰਾ ਜਾਤੀ ਬੰਧਨ ਤੋਂ ਮੁਕਤ ਲੋਕਾਂ ਦਾ ਸਥਾਨ ਹੈ।

ਭਾਵੇਂ ਕਿ ਬੇਗਮਪੁਰਾ ਦੀ ਸਥਿਤੀ ਉਦੋਂ ਬਣਦੀ ਹੈ ਜਦੋਂ ਮਨੁੱਖ ਰੂੜੀਵਾਦੀ ਧਾਰਾ ਨੂੰ ਵੰਗਾਰ ਕੇ ਨਵੀਂ ਪਿਰਤ ਪਾਉਂਦਾ ਹੈ ਤੇ ਜਿਸਦਾ ਅਨੁਭਵ ਬੜਾ ਵਿਸ਼ਾਲ ਅਤੇ ਡੂੰਘਾ ਹੁੰਦਾ ਹੈ। ਇਸ ਤਰ੍ਹਾਂ ਭਗਤ ਰਵਿਦਾਸ ਜੀ ਨੇ ਸਮਾਜਕ ਕੁਰੀਤੀਆਂ ਤੇ ਕਰਾਰੀ ਚੋਟ ਕਰਦਿਆਂ ਆਪਣਾ ਸੰਪੂਰਨ ਜੀਵਨ ਗੁਰੂ ਪਾਰਬ੍ਰਹਮ ਦੀ ਉਸਤਤੀ ਵਿੱਚ ਕ੍ਰਾਂਤੀਕਾਰੀ ਸ਼ਬਦਾਂ ਦੀ ਰਚਨਾ ਕਰਦਿਆਂ, ਮਨੁੱਖੀ ਕਲਿਆਣ ਹਿਤ ਗੁਜਾਰਿਆ।

ਭਗਤ ਰਵੀਦਾਸ ਜੀ ਦੀ ਸਿੱਖਿਆ ਅੱਜ ਵੀ ਉਨੀ ਹੀ ਕੀਮਤੀ ਤੇ ਮਹੱਤਵਪੂਰਣ ਹੈ ਜਿੰਨੀ ਉਹਨਾਂ ਦੇ ਸਮੇਂ ਵਿੱਚ ਸੀ। ਉਹਨਾਂ ਵੱਲੋਂ ਦਰਸਾਇਆ ਪ੍ਰੇਮ ਮਾਰਗ ਅਜੋਕੇ ਝਮੇਲਿਆਂ ਦਾ ਸਟੀਕ ਇਲਾਜ ਹੈ। ਜਿਸ ਨਿਰਭੈਤਾ ਨਾਲ ਭਗਤ ਰਵਿਦਾਸ ਜੀ ਨੇ ਉਚ-ਨੀਚ, ਜਾਤ ਪਾਤ ਅਤੇ ਫੋਕੇ ਕਰਮ-ਕਾਂਡਾਂ ਦੇ ਬੰਧਨ ਤੋੜ 'ਬੇਗਮਪੁਰਾ ਸਹਰ ਕੋ ਨਾਉ ਦੀ ਭਾਵਨਾ ਅਤੇ ਬਰਾਬਰਤਾ ਵਾਲਾ ਸਮਾਜ ਚਿਤਰਿਆ। ਇਸ ਨਾਲ ਅਗਿਆਨਤਾ ਦਾ ਹਨੇਰਾ ਦੂਰ ਹੋਇਆ ਅਤੇ ਅਜੋਕੇ ਸਮੇਂ ਦੀ ਦੌੜ ਵਿੱਚ ਮਨੁੱਖ ਦੇ ਮਾਰਗ ਦਰਸ਼ਨ ਵਿੱਚ ਅਤੀ ਸਹਾਈ ਹੋਇਆ ਹੈ।

***(ਪੰਨਾ 17 ਦੀ ਬਾਕੀ)***

ਸਰੀਰ ਬਿਲਕੁੱਲ ਅਰੋਗ ਹੋ ਗਿਆ। ਘਰ ਦਾ ਅਤੇ ਗੱਡੀਆਂ ਦਾ ਕੰਮ-ਕਾਜ ਆਪ ਸੰਭਾਲ ਲਿਆ। ਤਕਰੀਬਨ ਡੇਢ ਦੋ ਸਾਲ ਪਿਛੋਂ ਇਕ ਦਿਨ ਆਪਣੀ ਘਰਵਾਲੀ ਨੂੰ ਉਹ ਪ੍ਰੇਮੀ ਕਹਿਣ ਲੱਗਾ ਕਿ ਇਕ ਡਾਕਟਰ ਨੇ ਮੈਨੂੰ ਸਲਾਹ ਦਿੱਤੀ ਹੈ ਕਿ ਜੇਕਰ ਤੂੰ ਇਕ ਆਂਡਾ ਰੋਜ਼ ਖਾਵੇਂ ਤਾਂ ਤੇਰੀ ਸਿਹਤ ਬਹੁਤ ਛੇਤੀ ਤਕੜੀ ਹੋ ਜਾਵੇਗੀ। ਉਸ ਪ੍ਰੇਮੀ ਨੇ ਮਜ਼ਬੂਰ ਕਰਕੇ ਆਪਣੀ ਘਰਵਾਲੀ ਨੂੰ ਬਾਬਾ ਹਰਨਾਮ ਸਿੰਘ ਜੀ ਪਾਸ ਭੇਜਿਆ। ਉਸ ਬੀਬੀ ਨੇ ਉਸੇ ਤਰ੍ਹਾਂ ਬਾਬਾ ਜੀ ਨੂੰ ਆ ਬੇਨਤੀ ਕੀਤੀ। ਬਾਬਾ ਜੀ ਬਹੁਤ ਨਾਰਾਜ਼ ਹੋਏ ਅਤੇ ਕਿਹਾ ਉਦੋਂ ਉਹ ਡਾਕਟਰ ਕਿੱਥੇ ਗਿਆ ਹੋਇਆ ਸੀ ਜਦੋਂ ਸਾਰੇ ਡਾਕਟਰਾਂ ਨੇ ਜਵਾਬ ਦਿੱਤਾ ਸੀ । ਉਸ ਨੂੰ ਕਹੋ ਕਿ ਐਵੇਂ ਬਹਾਨੇ-ਬਾਜ਼ੀ ਨਹੀਂ ਕਰੀਦੀ। ਜਿੰਨਾਂ ਦੇਰ ਆਪਣੇ ਕੀਤੇ ਪ੍ਰਣ ਤੇ ਕਾਇਮ ਰਹੇਗਾ ਓਨਾ ਚਿਰ ਹੀ ਠੀਕ ਰਹੇਗਾ, ਜਦ ਕੀਤਾ ਹੋਇਆ ਬਚਨ ਤੋੜਿਆ, ਮੁੜ ਬੀਮਾਰ ਹੋ ਜਾਵੇਗਾ। ਫਿਰ ਸਾਡੇ ਪਾਸ ਬਿਲਕੁਲ ਨਹੀਂ ਆਉਣਾ। ਬੀਬੀ ਜੀ ਨੇ ਬਾਬਾ ਜੀ ਦਾ ਬਚਨ ਆਪਣੇ ਪਤੀ ਨੂੰ ਦੱਸਿਆ ਪਰ ਉਸ ਦਾ ਮਨ ਥਿੜ੍ਕ ਚੁੱਕਾ ਸੀ। ਥੋੜ੍ਹੇ ਹੀ ਦਿਨਾਂ ਬਾਅਦ ਉਸ ਨੇ ਸ਼ਰਾਬ ਵੀ ਪੀ ਲਈ ਅਤੇ ਆਂਡਾ ਵੀ ਖਾ ਲਿਆ। ਬੱਸ ਫਿਰ ਕੀ ਸੀ, ਉਸ ਦਿਨ ਤੋਂ ਐਸਾ ਢਿੱਲਾ ਹੋਇਆ ਕਿ ਮੁੜ ਰਾਜ਼ੀ ਹੀ ਨਾ ਹੋ ਸਕਿਆ ਅਤੇ ਸਰੀਰ ਤਿਆਗ ਗਿਆ।

ਲਿਖਣ ਤੋਂ ਭਾਵ ਇਹ ਕਿ ਜਿਥੇ ਸਭ ਦਵਾਈਆਂ ਫੇਲ੍ਹ ਹੋ ਜਾਂਦੀਆਂ ਹਨ ਉਥੇ ਗੁਰਬਾਣੀ-ਨਾਮ ਦੀ ਔਸ਼ਧੀ ਰੋਗ ਕੱਟਦੀ ਹੈ। ਦੂਸਰੇ ਅੰਮ੍ਰਿਤ ਦੀ ਸ਼ਕਤੀ ਸਭ ਸ਼ਕਤੀਆਂ ਤੋਂ ਸ਼੍ਰੋਮਣੀ ਹੈ। ਤੀਸਰਾ ਜਿੰਨਾਂ ਚਿਰ ਮਨੁੱਖ ਆਪਣੇ ਕੀਤੇ ਬਚਨ ਤੇ ਕਾਇਮ ਰਹਿੰਦਾ ਹੈ ਪਰਮੇਸ਼ਰ ਉਸਦੀ ਸਹਾਇਤਾ ਕਰਦਾ ਹੈ। ਜੋ ਬਚਨ ਕਰਕੇ ਫਿਰ ਉਸ ਤੋਂ ਮੁੱਕਰ ਜਾਂਦਾ ਹੈ, ਉਸ ਪ੍ਰਤੀ ਤਾਂ ਸਤਿਗੁਰੂ ਜੀ ਨੇ ਫੈਸਲਾ ਦਿੱਤਾ ਹੈ :

***ਬਚਨ ਕਰੇ ਤੈ ਖਿਸਕਿ ਜਾਇ ਬੋਲੇ ਸਭੁ ਕਚਾ॥***
***ਅੰਦਰਹੁ ਥੋਥਾ ਕੂੜਿਆਰ ਕੂੜੀ ਸਭੁ ਖਚਾ॥***
***ਅੰਗ - ੧੦੯੯***

ਕੱਚੇ ਮਨੁੱਖ ਦੀ ਗੁਰੂ ਚਰਨਾਂ ਵਿਚ ਕੋਈ ਥਾਂ ਨਹੀਂ ਹੈ। ਉਸ ਦਰ ਤਾਂ ਹੁਕਮ ਅਨੁਸਾਰ ਚੱਲਣ ਵਾਲਿਆਂ ਉਤੇ ਹੀ ਮਿਹਰ ਹੁੰਦੀ ਹੈ। ਜਦੋਂ ਮਨ-ਮਤ ਦੀ ਖੋਟ ਰਲ ਕੇ ਹੁਕਮ ਮੰਨਣ ਵਿਚ ਦਿੱਲ ਆ ਜਾਂਦੀ ਹੈ, ਤਦ ਗੁਰੂ ਕ੍ਰਿਪਾ ਤੋਂ ਮਨੁੱਖ ਖਾਲੀ ਰਹਿ ਜਾਂਦਾ ਹੈ :

***ਹੁਕਮਿ ਰਜਾਈ ਜੋ ਚਲੈ ਸੋ ਪਵੈ ਖਜਾਨੈ॥***
***ਖੋਟੇ ਠਵਰ ਨ ਪਾਇਨੀ ਰਲੇ ਜੂਠਾਨੈ॥ ਅੰਗ - ੪੨੧***

# ਮਾਤਾ ਭਾਗ ਕੌਰ ਜੀ

*[ਭਾਈ ਦਵਿੰਦਰ ਸਿੰਘ ਜੀ, ਡੀ. ਐਸ. ਪੀ., ਜਗਾਧਰੀ]*

ਸਿੱਖ ਕੌਮ ਦੁਨੀਆਂ ਵਿੱਚ ਇਕ ਵੱਖਰੀ ਮਹਾਨ ਕੌਮ ਹੈ, ਜਿਸਦੇ ਦਸਾਂ ਗੁਰੂਆਂ ਅਤੇ ਹੋਰ ਸਿੱਖ ਪੰਥਕ ਸੂਰਬੀਰਾਂ ਨੇ ਜਿੱਥੇ ਵੀ ਚਰਨ ਪਾਏ, ਉੱਥੇ ਉਨ੍ਹਾਂ ਦੀ ਯਾਦ ਨੂੰ ਹਮੇਸ਼ਾ ਲਈ ਜਿੰਦਾ ਰੱਖਣ ਲਈ ਗੁਰਦੁਆਰੇ ਉਸਾਰੇ ਹੋਏ ਹਨ। ਉਹ ਥਾਂ ਬਰਫੀਲੇ ਜਾਂ ਪਹਾੜ ਜਾਂ ਉੱਚੀ ਚੋਟੀ ਹੇਮਕੁੰਟ ਸਾਹਿਬ ਵਿਖੇ ਉਸਾਰ ਕੇ ਅਤੇ ਜਿੱਥੇ ਕਈ ਲੋਕਾਂ ਨੂੰ ਰੋਟੀ ਵੀ ਮੁਸ਼ਕਲ ਨਾਲ ਨਸੀਬ ਹੁੰਦੀ ਹੋਵੇ ਉੱਥੇ ਵੀ ਜੇ ਗੁਰੂ ਕੇ ਪਿਆਰੇ ਸਿਦਕੀ ਗੁਰਮੁੱਖ ਪਹੁੰਚ ਜਾਣ ਤਾਂ ਗੁਰੂ ਦੀ ਚੜਦੀ ਕਲਾ ਲੰਗਰ ਵੀ 24 ਘੰਟੇ ਤਿਆਰ-ਬਰ-ਤਿਆਰ ਮਿਲਦੇ ਹਨ। ਮਹਾਰਾਸ਼ਟਰ ਵਿੱਚ ਵੀ ਮਾਤਾ ਭਾਗ ਕੌਰ ਜੀ ਦੇ ਨਾਮ ਗੁਰਦੁਆਰਾ ਜਨਵਾਨਾ ਵਿਖੇ ਹੈ। ਇਹ ਪਿੰਡ ਬਿਦਰ ਤੋਂ 10 ਕੁ ਮੀਲ ਦੂਰੀ ਤੇ ਹੈ।

ਗੁਰੂ ਗੋਬਿੰਦ ਸਿੰਘ ਜੀ ਵੱਲੋਂ ਨਾਂਦੇੜ ਵਿੱਚ ਅਕਾਲਪੁਰਖ ਪ੍ਰਭੂ ਵਿੱਚ ਜੋਤੀ-ਜੋਤਿ ਸਮਾਉਣ ਪਿਛੋਂ ਪੂਨੇ ਦੇ ਨੇੜੇ ਸਿਤਾਰ ਦੇ ਕਿਲ੍ਹੇ ਵਿਚੋਂ ਰੁਸਤਮ ਰਾਓ ਤੇ ਬਾਲਾ ਰਾਓ ਨੂੰ ਆਜਾਦ ਕੀਤਾ ਗਿਆ। ਗੁਰੂ ਜੀ ਨੇ ਹੁਕਮ ਕੀਤਾ ਕਿ ਤੁਸੀਂ ਨਾਂਦੇੜ ਸ੍ਰੀ ਹਜੂਰ ਸਾਹਿਬ ਜਾਓ ਅਤੇ ਉੱਥੇ ਸੰਗਤਾਂ ਨੂੰ ਬੰਦੀ ਛੋੜ ਦੀ ਸਾਰੀ ਘਟਨਾ ਸੁਨਾਉਣੀ ਤੇ ਕਹਿਣਾ ਕਿ ਗੁਰੂ ਹਾਜ਼ਰ-ਨਾਜ਼ਰ ਹਨ। ਜਥੇਦਾਰ ਸੰਤੋਖ ਸਿੰਘ ਜੀ ਨੇ ਸਾਰੀ ਸੰਗਤਾਂ ਨੂੰ ਨਾਂਦੇੜ ਵਿਚ ਇਸ ਘਟਨਾ ਅਤੇ ਦੂਜੀ ਕੜਾਹ ਪ੍ਰਸਾਦ ਵਾਲੀ ਸੁਣਾਈ। ਮਾਤਾ ਭਾਗ ਕੌਰ ਜੀ ਨੇ ਨਾਂਦੇੜ ਅਤੇ ਦੂਜੇ ਪ੍ਰਦੇਸ਼ਾਂ ਵਿੱਚ ਸਿੱਖੀ ਦਾ ਬਹੁਤ ਹੀ ਪ੍ਰਚਾਰ ਕੀਤਾ। ਅੱਜਕਲ ਇਨ੍ਹਾਂ ਇਲਾਕਿਆਂ ਵਿੱਚ ਮਾਤਾ ਜੀ ਦੀ ਫੋਟੋ ਵੀ ਘਰ-ਘਰ ਲੱਗੀ ਹੋਈ ਹੈ। ਜਦੋਂ ਅਨੰਦਪੁਰ ਸਾਹਿਬ ਜੋ 40 ਮਾਝੇ ਦੇ ਸਿੰਘਾਂ ਨੇ ਬੇਦਾਵਾ ਦਿੱਤਾ ਸੀ ਗੁਰੂ ਜੀ ਨੇ ਉਹ ਕਾਗਜ ਆਪਣੇ ਕਮਰਕੱਸੇ ਨਾਲ ਬੰਨ ਲਿਆ। ਜਦੋਂ ਸਿੰਘ ਬਾਬਾ ਬਕਾਲੇ ਪਹੁੰਚੇ ਤਾਂ ਮਾਤਾ ਜੀ ਨੇ ਅਗੋਂ ਉੱਤਰ ਦਿੱਤਾ। ਅਸੀਂ ਜੰਗ ਛੱਡ ਕੇ ਬੇਦਾਵਾਂ ਦੇ ਆਏ ਹਾਂ। ਉਸੇ ਵਕਤ ਮਾਤਾ ਭਾਗ ਕੌਰ ਜੀ ਨੇ ਕਿਹਾ ਕਿ ਤੁਸੀਂ ਘਰ ਬੈਠੋ ਬੱਚੇ ਪਾਲੋ ਤੇ ਘਰ ਦਾ ਕੰਮ-ਕਾਜ ਸੰਭਾਲੋ। ਸਿੰਘਾਂ ਨੇ ਇਹ ਸ਼ਬਦ ਸੁਣ ਕੇ ਉਨ੍ਹਾਂ ਦਾ ਖ਼ੂਨ ਫੜਕਿਆ ਦੁਬਾਰਾ ਫਿਰ ਹਥਿਆਰ ਚੁੱਕ ਕੇ ਮਾਤਾ ਜੀ ਨਾਲ ਖਿਦਰਾਣੇ ਦੀ ਢਾਬ ਤੇ ਪੁਜਕੇ ਸ਼ਹੀਦੀਆਂ ਪਾਈਆਂ। ਗੁਰੂ ਜੀ ਨੇ ਉਨ੍ਹਾਂ ਦਾ ਬੇਦਾਵਾ ਪਾੜ੍ਹ ਦਿੱਤਾ। ਮਾਤਾ ਭਾਗ ਕੌਰ ਜੀ ਟੁਟੀ ਗੰਢਣ ਦਾ ਹੀ ਕਾਰਣ ਬਣੀ। ਆਪ ਵੀ ਉਸ ਜੰਗ ਵਿੱਚ ਜੌਹਰ ਦਿਖਾਏ ਤੇ ਗੁਰੂ ਜੀ ਦੀ ਬਖਸ਼ਿਸ ਦੀ ਪਾਤਰ ਬਣੀ ਤੇ ਰਹਿੰਦੇ ਸੰਸਾਰ ਤਕ ਮਾਤਾ ਭਾਗ ਕੌਰ ਜੀ ਦਾ ਸਿੱਖ ਪੰਥ ਵਿੱਚ ਸੁਨਹਿਰੀ ਅਖਰਾਂ ਵਿੱਚ ਸਤਕਾਰ ਨਾਲ ਯਾਦ ਕੀਤਾ ਜਾਏਗਾ। ਪਰ ਇਸ ਮਾਤਾ ਜੀ ਦੇ ਇਤਹਾਸ ਤੋਂ ਸਿੱਖ ਬੀਬੀਆਂ ਨੂੰ ਸੇਧ ਲੈਣੀ ਚਾਹੀਦੀ ਹੈ, ਪਰ ਹੁਣ ਸਮਾਂ ਬਹੁਤ ਹੀ ਕਲਯੁਗੀ, ਮਾਇਆ ਤੇ ਦੇਖਾ ਦੇਖੀ ਦਾ, ਫੈਸ਼ਨ ਦਾ, ਬਾਹਰਲੇ ਦੇਸ਼ਾਂ ਵਿੱਚ ਜਾਣਦਾ, ਮੌਜ-ਮਸਤੀ ਦਾ, ਫਸਟ ਕਲਾਸ ਵਰਗੀ ਜਿੰਦਗੀ ਦਾ। ਇਹ ਸਭ ਫੋਕੀਆਂ ਗੱਲਾਂ ਹਨ। ਜੋ ਆਨੰਦ ਸਾਦਾ ਜੀਵਨ ਤੇ ਉੱਚ ਵਿਚਾਰ, ਗੁਰਮੁਖੀ ਜੀਵਨ, ਉੱਚੇ ਆਚਰਣ ਦਾ ਹੈ, ਦਿਖਾਵੇ ਵਿੱਚ ਨਹੀਂ ਹੈ। ਮਾਂ ਪਿਉ ਹੀ ਸਿੱਖੀ ਦੀ ਸਿਖਸ਼ਾ ਦੇ ਸਕਦੇ ਹਨ। ਗੁਰਦਆਰੇ ਵਿਚ ਤਾਂ ਕੋਈ ਸਿੱਖੀ ਦਾ ਪ੍ਰਚਾਰ ਹੈ ਹੀ ਨਹੀਂ। ਭੁਲ-ਚੁਕ ਮਾਫ।




## Statement of Income & Expenditure for the Month of Jan. 2022 of *Atam Rang*

| | | |
|---|---|---|
| 1. | M/s Jai Offset Printers | 18,500.00 |
| 2. | Cost of Service Stamps | 13,900.00 |
| 3. | Cost of envelops & printing | 13,500.00 |
| 4. | Cost of Stickers | 2,800.00 |
| 5. | Previous balance | 1,69,392.00 |
| | **Total Expenditure upto 31.01.2022** | **1,69,392.00** |
| | Donation | 47,500.00 |
| | **Total Income** | **47,500.00** |
| | **Expenditure** | **1,69,392.00** |
| | **Income** | **47,500.00** |
| | **Difference** | **1,21,892.00** |

## ਗੁਰਪੁਰਬ ਤੇ ਦਿਨ ਦਿਹਾਰ

| | |
|---|---|
| ਸੰਗਰਾਂਦ | 12 ਫਰਵਰੀ |
| ਪੂਰਨਮਾਸ਼ੀ | 16 ਫਰਵਰੀ |
| ਮੱਸਿਆ | 1 ਫਰਵਰੀ |
| ਪੰਚਮੀ | 5 ਫਰਵਰੀ |
| **ਗੁਰਪੁਰਬ** | |
| ਪ੍ਰਕਾਸ਼ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ | 9 ਫਰਵਰੀ |

## ਸੰਗਤਾਂ ਨੋਟ ਕਰਨ ਜੀ

ਆਤਮ ਰੰਗ ਦੇ ਪ੍ਰਬੰਧਕਾਂ ਵਲੋਂ ਬੜੇ ਪਿਆਰ ਸਹਿਤ ਬੇਨਤੀ ਹੈ ਕਿ ਜਿਸਨੇ ਵੀ ਅਪਣੇ ਲੇਖ ਜਾਂ ਸਮਾਗਮ ਬਾਰੇ ਇਸ਼ਤਿਹਾਰ ਭੇਜਣੇ ਹਨ ਉਹ 12 ਤਰੀਕ ਤਕ ਆਤਮ ਰੰਗ ਦੀ ਮੇਲ atamrang3@gmail.com ਜਾਂ whatsapp No. 98143-00245 ਤੇ ਭੇਜਣ ਦੀ ਕ੍ਰਿਪਾਲਤਾ ਕਰੋ ਜੀ। ਖ਼ਾਸ ਕਰਕੇ ਲੇਖਕਾਂ ਨੂੰ ਬੇਨਤੀ ਹੈ ਕਿ ਉਹ ਅਪਣੇ ਲੇਖ ਭੇਜ ਕੇ ਸਹਿਯੋਗ ਦਿੰਦੇ ਰਹਿਣ।

## ਸੰਗਤਾਂ ਪ੍ਰਤੀ ਜ਼ਰੂਰੀ ਬੇਨਤੀ

### ਆਤਮ ਰੰਗ ਮੈਗਜ਼ੀਨ ਦੀ ਸਹਾਇਤਾ ਭੇਜਣ ਲਈ ਥੱਲੇ ਦਿੱਤੇ ਅਕਾਊਂਟ ਨੰਬਰ/ਬੈਂਕ ਦੇ ਵੇਰਵੇ ਦਾ ਖਾਸ ਧਿਆਨ ਰਖਿਆ ਜਾਵੇ ਜੀ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਆਤਮ ਰੰਗ ਮੈਗਜ਼ੀਨ ਜੋ ਕਿ 1999 ਦੀ ਵਿਸਾਖੀ ਤੋਂ ਨਿਰੰਤਰ ਸੰਗਤਾਂ ਦੇ ਪਾਵਨ ਹੱਥਾਂ ਵਿਚ ਅੱਜ ਤੱਕ ਪਹੁੰਚ ਰਿਹਾ ਹੈ। ਇਸ ਮੈਗਜ਼ੀਨ ਦੀ ਆਪਣੀ ਹੀ ਦੇਣ ਹੈ। ਇਸ ਵਿਚ ਵੱਡੇ-ਵੱਡੇ ਵਿਦਵਾਨਾਂ, ਗੁਣੀ ਗਿਆਨੀਆਂ, ਤਜਰਬੇਕਾਰ ਲਿਖਾਰੀਆਂ ਅਤੇ ਗੁਰਮਤਿ ਦੇ ਖੋਜੀਆਂ ਦੀਆਂ ਰਚਨਾਵਾਂ ਦਿੱਤੀਆਂ ਜਾਂਦੀਆਂ ਹਨ ਤੇ ਇਸ ਦੇ ਨਾਲ-ਨਾਲ ਜੱਥੇ ਦੇ ਸਾਰੇ ਪ੍ਰੋਗਰਾਮ ਅਤੇ ਜੱਥੇ ਦੀਆਂ ਗਤੀਵਿਧੀਆਂ ਬਾਰੇ ਸੰਗਤਾਂ ਨੂੰ ਗਾਹੇ-ਬਗਾਹੇ ਜਾਣੂ ਕਰਵਾਇਆ ਜਾਂਦਾ ਹੈ। ਇਹ ਮੈਗਜ਼ੀਨ ਇੰਨਾ ਹਰਮਨ ਪਿਆਰਾ ਹੋ ਗਿਆ ਹੈ ਕਿ ਇਸ ਦੀ ਡਿਮਾਂਡ ਦਿਨੋਂ ਦਿਨ ਵੱਧ ਰਹੀ ਹੈ। ਇਸ ਲਈ ਸੰਗਤਾਂ ਪ੍ਰਤੀ ਪਿਆਰ ਸਹਿਤ ਬੇਨਤੀ ਹੈ ਕਿ ਇਸ ਦੀ ਚੜ੍ਹਦੀ ਕਲਾ ਲਈ ਆਪਣੇ ਦਸਵੰਧ ਨੂੰ ਸਫਲਾ ਕਰਦੇ ਹੋਏ ਇਸ ਦੀ ਮਾਇਕ ਤੌਰ 'ਤੇ ਸਹਾਇਤਾ ਕੀਤੀ ਜਾਵੇ। ਕ੍ਰਿਪਾ ਕਰਕੇ ਆਤਮ ਰੰਗ ਅਕਾਊਂਟ ਨੰਬਰ 33008094850, IFS Code: SBIN0006597 ਸਟੇਟ ਬੈਂਕ ਆਫ਼ ਇੰਡੀਆ, ਸੈਕਟਰ-37, ਚੰਡੀਗੜ੍ਹ ਦੀ ਬ੍ਰਾਂਚ ਵਾਸਤੇ ਮਾਇਆ ਭੇਜੀ ਜਾਵੇ ਜੀ। ਆਪ ਜੀ ਦੇ ਇਸ ਸਹਿਯੋਗ ਲਈ 'ਆਤਮ ਰੰਗ' ਦੇ ਪ੍ਰਬੰਧਕ ਅਤਿ ਰਿਣੀ, ਧੰਨਵਾਦੀ ਤੇ ਸ਼ੁਕਰ ਗੁਜ਼ਾਰ ਹੋਣਗੇ ਜੀ।

**ਆਪ ਦਾ ਨਿਮਾਣਾ ਜਿਹਾ ਗੁਰਸਿੱਖ**

**ਮਨਪ੍ਰੀਤ ਸਿੰਘ, ਚੀਫ ਐਡੀਟਰ, ਆਤਮ ਰੰਗ**

**ਮੋਬਾਇਲ : 98143-00245**

## ਜ਼ਰੂਰੀ ਬੇਨਤੀ ਪਾਠਕਾਂ ਲਈ

ਪਾਠਕਾਂ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਜਿਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ 15 ਤਰੀਕ ਤੱਕ ਨਹੀਂ ਮਿਲਦਾ, ਉਸ ਤੋਂ ਬਾਅਦ ਉਹ ਪਾਠਕ ਬਿਨੈ-ਪੱਤਰ ਨਾਲ ਆਪਣਾ ਪੂਰਾ ਚਿੱਟ ਨੰਬਰ, ਪਤਾ ਤੇ ਮੋਬਾਇਲ ਨੰਬਰ ਦੇਣ/ਦੱਸਣ ਤਾਂ ਕਿ ਉਨ੍ਹਾਂ ਨੂੰ ਆਤਮ ਰੰਗ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਸੰਪਰਕ ਕਰਨ ਲਈ ਮੋਬਾਇਲ ਨੰਬਰ 98143-00245 ਤੇ ਸਵੇਰੇ 10.00 ਵਜੇ ਤੋਂ ਲੈ ਕੇ ਸ਼ਾਮ 6.00 ਵਜੇ ਤਕ ਸੰਪਰਕ ਕੀਤਾ ਜਾ ਸਕਦਾ ਹੈ ਤਾਂ ਕਿ ਪਾਠਕਾਂ ਨੂੰ ਦੁਬਾਰਾ ਰਸਾਲਾ ਭੇਜਿਆ ਜਾ ਸਕੇ।

**ਦਾਸਰੇ : ਚੀਫ ਐਡੀਟਰ, ਆਤਮ ਰੰਗ। ਮੋਬਾਇਲ : 98143-00245**

## ਸੰਗਤਾਂ ਨੋਟ ਕਰਨ ਜੀ

ਸੰਗਤਾਂ ਪ੍ਰਤੀ ਬੜੇ ਪਿਆਰ ਤੇ ਨਿਮਰਤਾ ਸਹਿਤ ਬੇਨਤੀ ਹੈ ਕਿ ਜੋ ਵੀ ਸੱਜਣ ਆਤਮ ਰੰਗ ਲਈ ਮਾਇਕ ਸਹਾਇਤਾ, ਬੈਂਕ ਵਿੱਚ ਭੇਜਦਾ ਹੈ, ਉਹ ਕ੍ਰਿਪਾ ਕਰਕੇ ਇਸਦੀ ਜਾਣਕਾਰੀ ਮੋਬਾਈਲ ਨੰਬਰ 98143 00245 ਤੇ ਫੋਨ ਕਰਕੇ ਜਾਂ ਇਸ ਨੰਬਰ ਤੇ ਵਟਸਐਪ ਕਰਕੇ, ਦੇਣ ਦੀ ਕ੍ਰਿਪਾਲਤਾ ਕਰੇ ਜੀ।

*– ਮੁੱਖ ਸੰਪਾਦਕ*

## ਨਾਰੰਗਵਾਲ ਵਿਖੇ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੇ ਜਨਮ ਅਸਥਾਨ ਗੁਰਦੁਆਰਾ ਹਵੇਲੀ ਸਾਹਿਬ ਵਿਖੇ ਹਰ ਮਹੀਨੇ ਦੀ 16 ਤਾਰੀਖ ਨੂੰ ਕੀਰਤਨ ਹੋਇਆ ਕਰੇਗਾ

ਸੰਗਤਾਂ ਪ੍ਰਤੀ ਬੇਨਤੀ ਹੈ ਕਿ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦੀ ਪਿਆਰੀ, ਮਿੱਠੀ ਤੇ ਨਿੱਘੀ ਯਾਦ ਵਿੱਚ ਹਰ ਮਹੀਨੇ ਦੀ 16 ਤਾਰੀਖ ਨੂੰ ਗੁਰਦੁਆਰਾ ਹਵੇਲੀ ਸਾਹਿਬ ਭਾਈ ਸਾਹਿਬ ਜੀ ਦੇ ਜਨਮ ਅਸਥਾਨ ਵਿਖੇ ਕੀਰਤਨ ਸ਼ਾਮ ਨੂੰ 6 ਵਜੇ ਤੋਂ ਲੈ ਕੇ 8 ਵਜੇ ਤਕ ਹੋਇਆ ਕਰੇਗਾ। ਸੰਗਤਾਂ ਹੁੰਮ-ਹੁਮਾ ਕੇ ਦਰਸ਼ਨ ਦੀਦਾਰੇ ਬਖਸ਼ਣ ਤੇ ਕੀਰਤਨ ਦੇ ਆਨੰਦ ਲੈਣ ਤੇ ਭਾਈ ਸਾਹਿਬ ਜੀ ਤੋਂ ਅਸੀਸਾਂ, ਬਖਸ਼ੀਸ਼ਾਂ ਲੈ ਕੇ ਅਪਣੀ ਜੀਵਨ ਯਾਤਰਾ ਨੂੰ ਸਫਲਾ ਕਰਨ।

**ਦਾਸਰੇ - ਭਾਈ ਕੁਲਦੀਪ ਸਿੰਘ ਜੀ, ਭਾਈ ਕਰਮਜੀਤ ਸਿੰਘ ਜੀ, ਭਾਈ ਦਲਜੀਤ ਸਿੰਘ ਭੱਟੀ ਤੇ ਸਮੂਹ ਸੰਗਤ, ਆਖੰਡ ਕੀਰਤਨੀ ਜੱਥਾ, ਲੁਧਿਆਣਾ - 98156-11924**

## ਸਹਾਇਤਾ ਆਤਮ ਰੰਗ ਜਨਵਰੀ 2022 ਦੇ ਮਹੀਨੇ ਦੀ

| | |
|---|---|
| ◆ ਗੁਰਪੁਰਵਾਸੀ ਭਾਈ ਸਤਨਾਮ ਸਿੰਘ, ਚੀਫ ਐਡੀਟਰ, ਆਤਮ ਰੰਗ ਤੇ ਮੁੱਖ ਸੇਵਾਦਾਰ ਅਖੰਡ ਕੀਰਤਨੀ ਜੱਥਾ, (ਰਜਿ.), ਚੰਡੀਗੜ੍ਹ ਜੀ ਦੀ ਪਹਿਲੀ ਮਿੱਠੀ ਤੇ ਪਿਆਰੀ ਯਾਦ ਵਿੱਚ ਉਨ੍ਹਾਂ ਜੀ ਦੇ ਪਰਿਵਾਰ ਵੱਲੋਂ | 10,000.00 |
| ◆ ਭਾਈ ਹਰਜਿੰਦਰ ਸਿੰਘ ਜੀ, ਮੇਰਠ | 2,500.00 |
| ◆ ਬੀਬੀ ਬਲਬੀਰ ਕੌਰ ਜੀ, ਫਰੀਦਾਬਾਦ | 10,000.00 |
| ◆ ਗੁਪਤ, ਚੰਡੀਗੜ੍ਹ | 25,000.00 |
| **ਕੁਲ ਜੋੜ** | **47,500.00** |

## ਰਿਸ਼ਤੇ ਨਾਤੇ

239. Looking Gursikh, well educated & well settled as Govt. Jobber or own well settled business for Harmanpreet Kaur of Nawanshahr, D.O.B. 31.03.1995, Height 5’4”, M.Com., one younger brother. Contact : 98554 01864, 98886 62161

240. Looking Amritdhari (Keski wali) Gursikh girl for Hardeep Singh of Phagwara City, D.O.B. 26.11.1994, Height 5’6” M.Tech (Civil) & Acu. Own business of Acupressure 7 Massage Therapy Center. Forty thousand per month income. No sibling. Contact: 98889 62816, 98886 62161

**ਨੋਟ:-** 1. ਇਹ ਰਿਸ਼ਤੇ ਸਿਰਫ ਕੇਸਕੀ-ਧਾਰੀ ਬੱਚਿਆਂ ਲਈ ਹੀ ਹਨ ਜੀ।
2. ਪੱਤਰ-ਵਿਹਾਰ ਲਈ ਸੀਰੀਅਲ ਨੰਬਰ ਅਤੇ ਮਹੀਨਾ ਨਾਲ ਦੇ ਕੇ ਕਾਰਵਾਈ ਕੀਤੀ ਜਾਵੇ ਜੀ।

## ਮਹੀਨੇਵਾਰ ਅਖੰਡ ਕੀਰਤਨ ਸਮਾਗਮ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ

ਦੋਵੇਂ ਹੱਥ ਜੋੜ ਜੋਦੜੀ ਹੈ ਕਿ ਸਮੂਹ ਸੰਗਤਾਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀ, ਫਤਹਿਗੜ੍ਹ ਸਾਹਿਬ ਜੀ ਦੇ ਸਹਿਯੋਗ ਨਾਲ ਹਰ ਮਹੀਨੇ ਦੇ ਅਖੀਰਲੇ ਐਤਵਾਰ ਗੁਰਦੁਆਰਾ ਫਤਹਿਗੜ੍ਹ ਸਾਹਿਬ ਵਿਖੇ ਕੀਰਤਨ ਦਿਵਸ ਸੁਹੇਲਾ ਸਵੇਰੇ 5.00 ਤੋਂ ਸ਼ਾਮ 4.30 ਵਜੇ ਤੱਕ ਨੀਅਤ ਹੋਏ ਹਨ, ਇਸ ਲਈ ਆਏ ਦੀਦਾਰੇ ਬਖਸ਼ੋ ਜੀ।

**ਮਿਤੀ 06.02.2022 ਦਿਨ ਐਤਵਾਰ ਨੂੰ**

ਜੇਕਰ ਇਨ੍ਹਾਂ ਤਾਰੀਖਾਂ ਵਿਚ ਕੋਈ ਸੈਂਟਰਲ ਸਮਾਗਮ ਆਉਂਦਾ ਹੋਇਆ ਤਾਂ ਪ੍ਰੋਗਰਾਮ ਵਿਚ ਤਬਦੀਲੀ ਕੀਤੀ ਜਾ ਸਕਦੀ ਹੈ ਜੀ।

**ਵੱਲੋਂ :**
**ਸਮੂਹ ਸਾਧ ਸੰਗਤ ਤੇ**
**ਅਖੰਡ ਕੀਰਤਨੀ ਜੱਥਾ, ਫਤਹਿਗੜ੍ਹ ਸਾਹਿਬ**

**ਸਹਿਯੋਗੀ :**
**ਮੈਨੇਜਰ ਅਤੇ ਹੈੱਡ ਗ੍ਰੰਥੀ ਸਿੰਘ ਸਾਹਿਬ**
**ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਜੀ**

**ਮੋਬਾਇਲ** : 98150-40236, 81022-10001, 94178-10823, 98767-51085, 98763-79748, 88724-66692

---

**ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੈਕਟਰ 67**
**ਸਾਹਿਬਜ਼ਾਦਾ ਅਜੀਤ ਸਿੰਘ ਨਗਰ ਵਿਖੇ**

# ਦਿਵਸ ਸੁਹੇਲਾ
# ਅਖੰਡ ਕੀਰਤਨ ਸਮਾਗਮ

**ਮਿਤੀ 13 ਫਰਵਰੀ 2022 ਦਿਨ ਐਤਵਾਰ**

**ਸਮਾਂ : ਸਵੇਰੇ 8.00 ਵਜੇ ਤੋਂ ਦੁਪਹਿਰ 1.00 ਵਜੇ ਤੱਕ**

ਇਹ ਸਮਾਗਮ ਭਾਈ ਅਵਨੀਤ ਸਿੰਘ ਜੀ ਅਤੇ ਸਮੂਹ ਪਰਿਵਾਰ ਵੱਲੋਂ ਅਕਾਲ ਪੁਰਖ ਵਾਹਿਗੁਰੂ ਜੀ ਦਾ ਸ਼ੁਕਰਾਨਾ ਕਰਦੇ ਹੋਏ ਕਰਵਾਏ ਜਾ ਰਹੇ ਹਨ। ਆਪ ਜੀ ਸਮੂਹ ਗੁਰੂ ਪਿਆਰਿਆਂ ਸੰਗਤਾਂ ਦੇ ਚਰਨਾਂ ਵਿੱਚ ਸਮੂਹ ਪਰਿਵਾਰ ਵੱਲੋਂ ਬਿਨੈ ਜੋਦੜੀ ਹੈ ਕਿ ਆਪ ਜੀ ਸਭਨਾਂ ਨੇ ਦੀਦਾਰ ਬਖਸ਼ ਕੇ ਗੁਰਬਾਣੀ ਦੇ ਹਰਿਜਸ ਕੀਰਤਨ ਕਰਕੇ ਸੁਣਕੇ ਅਸੀਸਾਂ ਬਖਸ਼ਣੀਆਂ ਜੀ।

**ਗੁਰੂ ਸੰਗਤਾਂ ਦੇ ਦਾਸਰੇ**

**ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ ਅਤੇ ਸਮੂਹ ਸਾਧ ਸੰਗਤ**

**ਸੰਪਰਕ : 9988381739, 98726-33388, 93160-23874, 98889-51166**

ਸਹਿਯੋਗ : ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸੈਕਟਰ-67, ਸਾਹਿਬਜ਼ਾਦਾ ਅਜੀਤ ਸਿੰਘ ਨਗਰ



ਗੁ. ਸ੍ਰੀ ਗੁਰੂ ਸਿੰਘ ਸਭਾ
ਨੇੜੇ ਫ਼ੁਆਰਾ ਚੌਂਕ, ਪਟਿਆਲਾ ਵਿਖੇ
ਬਸੰਤ ਰੁੱਤ ਦੇ
ਸਲਾਨਾ ਅਖੰਡ ਕੀਰਤਨ ਸਮਾਗਮ
ਮਿਤੀ 5 ਫਰਵਰੀ ਤੋਂ 13 ਫਰਵਰੀ 2022 ਸਵੇਰ ਤੱਕ
5 ਫਰਵਰੀ 2022 ਸ਼ਨੀਵਾਰ
ਸਵੇਰੇ 5 ਤੋਂ 7 ਵਜੇ ਤੱਕ ਕੀਰਤਨ ਆਸਾ ਦੀ ਵਾਰ
7:00 ਵਜੇ ਆਰੰਭ ਸ੍ਰੀ ਸਹਿਜ ਪਾਠ ਸਾਹਿਬ
(9 ਫਰਵਰੀ 2022 ਬੁੱਧਵਾਰ ਸ਼ਾਮ ਤੱਕ
ਭਾਈ ਮੁਖਤਿਆਰ ਸਿੰਘ ਜੀ ਦੇ ਗ੍ਰਹਿ ਵਿਖੇ)
ਹੇਠ ਲਿਖੇ ਸਾਰੇ ਪ੍ਰੋਗਰਾਮ ਗੁ: ਸ੍ਰੀ ਗੁਰੂ ਸਿੰਘ ਸਭਾ, ਮਾਲ ਰੋਡ, ਪਟਿਆਲਾ ਵਿਖੇ ਹੋਣਗੇ।
9 ਫਰਵਰੀ 2022 ਬੁੱਧਵਾਰ
ਸ਼ਾਮ 5:30 ਤੋਂ 8:00 ਵਜੇ ਤੱਕ ਸੋਦਰੁ ਚੌਂਕੀ ਅਤੇ ਕੀਰਤਨ
10 ਫਰਵਰੀ 2022 ਵੀਰਵਾਰ
ਸਵੇਰੇ 5:00 ਤੋਂ 7:00 ਵਜੇ ਤੱਕ ਕੀਰਤਨ ਆਸਾ ਦੀ ਵਾਰ
7:00 ਵਜੇ ਸ੍ਰੀ ਸਹਿਜ ਪਾਠ ਸਾਹਿਬ
ਸ਼ਾਮ 5:00 ਤੋਂ 8:00 ਵਜੇ ਤੱਕ ਸੋਦਰੁ ਚੌਂਕੀ ਅਤੇ ਕੀਰਤਨ
11 ਫਰਵਰੀ 2022 ਸ਼ੁੱਕਰਵਾਰ
ਸਵੇਰੇ 5:00 ਤੋਂ 7:00 ਵਜੇ ਤੱਕ ਕੀਰਤਨ ਆਸਾ ਦੀ ਵਾਰ
7:00 ਵਜੇ ਸ੍ਰੀ ਸਹਿਜ ਪਾਠ ਸਾਹਿਬ
ਸ਼ਾਮ 5:00 ਤੋਂ 8:00 ਵਜੇ ਤੱਕ ਸੋਦਰੁ ਚੌਂਕੀ ਅਤੇ ਕੀਰਤਨ
12 ਫਰਵਰੀ 2022 ਸ਼ਨੀਵਾਰ
ਅੰਮ੍ਰਿਤ ਸੰਚਾਰ ਆਰੰਭ
ਦੁਪਹਿਰ 2:00 ਵਜੇ
ਅੰਮ੍ਰਿਤ ਵੇਲਾ ਸਮਾਗਮ 2:00 ਵਜੇ ਤੋਂ 6:00 ਵਜੇ ਤੱਕ
ਸਵੇਰੇ 6:00 ਵਜੇ ਸਮਾਪਤੀ ਸ੍ਰੀ ਸਹਿਜ ਪਾਠ ਸਾਹਿਬ
ਉਪਰੰਤ ਕੀਰਤਨ ਦੁਪਹਿਰ 2:00 ਵਜੇ ਤੱਕ
ਸ਼ਾਮ 5:30 ਵਜੇ ਸੋਦਰੁ ਅਤੇ ਆਰੰਭ ਕੀਰਤਨ ਰੈਣ-ਸਬਾਈ
13 ਫਰਵਰੀ 2022 ਐਤਵਾਰ
ਸਵੇਰੇ 5:00 ਵਜੇ ਸਮਾਪਤੀ ਕੀਰਤਨ ਰੈਣ-ਸਬਾਈ
ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਜੀ ਸਮੂਹ ਸੰਗੀ ਸਾਥੀਆਂ ਅਤੇ ਪਰਿਵਾਰਾਂ
ਸਮੇਤ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ।
ਨੋਟ: ਬਾਹਰੋਂ ਆਉਣ ਵਾਲੀਆਂ ਸੰਗਤਾਂ ਲਈ ਰਿਹਾਇਸ਼ ਅਤੇ ਲੰਗਰ ਦਾ ਪ੍ਰਬੰਧ
ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਨੇੜੇ ਫ਼ੁਆਰਾ ਚੌਂਕ, ਪਟਿਆਲਾ ਵਿਖੇ ਹੀ ਹੋਵੇਗਾ।
ਦਾਸਰੇ ਅਖੰਡ ਕੀਰਤਨੀ ਜੱਥਾ, ਪਟਿਆਲਾ
ਸੰਪਰਕ: 94174-92103, 99142-58877, 97819-23555, 94630-96917

## ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਦਸਮੇਸ਼ ਨਗਰ, ਖਰੜ ਵਿਖੇ

## ਦਿਵਸ ਸੁਹੇਲਾ

# ਅਖੰਡ ਕੀਰਤਨ ਸਮਾਗਮ

**ਮਿਤੀ 27 ਫਰਵਰੀ 2022 (ਦਿਨ ਐਤਵਾਰ)**

**ਸਮਾਂ : ਅੰਮ੍ਰਿਤ ਵੇਲੇ 8.00 ਵਜੇ ਤੋਂ ਆਸਾ ਕੀ ਵਾਰ ਸਹਿਤ ਬਾਅਦ ਦੁਪਹਿਰ 1.00 ਵਜੇ ਤੱਕ**

ਇਹ ਸਮਾਗਮ ਭਾਈ ਬਲਵੀਰ ਸਿੰਘ ਜੀ ਅਤੇ ਮਾਤਾ ਹਰਪਾਲ ਕੌਰ ਜੀ ਨਿਵਾਸੀ 316, ਦਸਮੇਸ਼ ਨਗਰ ਵਾਲਿਆਂ ਵਲੋਂ ਅਕਾਲ ਪੁਰਖ ਵਾਹਿਗੁਰੂ ਜੀ ਦਾ ਕੋਟਾਨ ਕੋਟ ਸ਼ੁਕਰਾਨਾ ਅਤੇ ਗੁਰੂ ਸਵਾਰੀਆਂ ਸਮੂਹ ਸੰਗਤਾਂ ਦੀਆਂ ਅਸੀਸਾਂ ਲੈਣ ਲਈ ਰਚਾਏ ਗਏ ਹਨ। (ਸ੍ਰੀ ਅਖੰਡ ਪਾਠ ਸਾਹਿਬ ਭਾਈ ਬਲਵੀਰ ਸਿੰਘ ਜੀ ਨਿਵਾਸ 316 ਵਿਖੇ 25 ਫਰਵਰੀ (ਸ਼ੁੱਕਰਵਾਰ) ਨੂੰ ਸ੍ਰੀ ਆਸਾ ਜੀ ਕੀ ਵਾਰ ਦੇ ਕੀਰਤਨ ਉਪਰੰਤ ਆਰੰਭ ਹੋਣਗੇ ਜਿਨ੍ਹਾਂ ਦੀ ਸਪੂੰਰਨਤਾ 27 ਫਰਵਰੀ (ਐਤਵਾਰ) ਨੂੰ ਅੰਮ੍ਰਿਤ ਵੇਲੇ ਹੋਵੇਗੀ ਅਤੇ ਉਪਰੰਤ ਆਸਾ ਜੀ ਕੀ ਵਾਰ ਦੇ ਕੀਰਤਨ 7:00 ਵਜੇ ਤੱਕ ਨਿਵਾਸ ਵਿਖੇ ਹੀ ਹੋਣਗੇ ਜੀ, ਆਇ ਦੀਦਾਰ ਬਖਸ਼ੋ ਜੀ।

———— ਗੁਰੂ ਸੰਗਤਾਂ ਦੇ ਦਾਸਰੇ ————

**ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ ਅਤੇ ਸਮੂਹ ਸਾਧ ਸੰਗਤ**

ਸੰਪਰਕ : 9988381739, 98726-33388, 93160-23874, 98889-51166

ਸਹਿਯੋਗ : ਪ੍ਰਬੰਧਕ ਕਮੇਟੀ ਗੁਰਦੁਆਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਸਮੇਸ਼ ਨਗਰ, ਖਰੜ

---

ਸਾਹਿਬ-ਏ-ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਾਡਲੇ, ਲਾਸਾਨੀ ਸ਼ਹੀਦ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ (ਪੰਜਾਂ ਪਿਆਰਿਆਂ ਵਿੱਚੋਂ ਤਿੰਨ ਪਿਆਰੇ) ਭਾਈ ਮੋਹਕਮ ਸਿੰਘ ਜੀ, ਭਾਈ ਹਿੰਮਤ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਅਤੇ ਗੁਰੂ ਕੇ ਸਮੂਹ ਲਾਲ ਪਿਆਰੇ ਸਮੂਹ ਲਾਸਾਨੀ ਸ਼ਹੀਦ ਸਿੰਘਾਂ ਦੀ ਪਵਿੱਤਰ ਯਾਦ ਵਿੱਚ

## ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਸ੍ਰੀ ਚਮਕੌਰ ਸਾਹਿਬ ਵਿਖੇ

# ਅਖੰਡ ਕੀਰਤਨ ਸਮਾਗਮ

**ਮਿਤੀ 20 ਫਰਵਰੀ 2022 (ਦਿਨ ਐਤਵਾਰ)**

**ਸਮਾਂ : ਅੰਮ੍ਰਿਤ ਵੇਲੇ 5.15 ਵਜੇ ਤੋਂ ਆਸਾ ਕੀ ਵਾਰ ਸਹਿਤ ਬਾਅਦ ਦੁਪਹਿਰ 2.00 ਵਜੇ ਤੱਕ**

ਆਪ ਜੀ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਹਿਤ ਦਰਸ਼ਨ ਦੇ ਕੇ ਕੀਰਤਨ ਸ੍ਰਵਣ ਕਰਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੀਏ ਜੀ।

**ਇਹ ਸਮਾਗਮ ਹਰ ਮਹੀਨੇ ਦੇ ਤੀਸਰੇ ਐਤਵਾਰ ਨੂੰ ਹੁੰਦੇ ਹਨ ਜੀ।**

———— ਗੁਰੂ ਸੰਗਤਾਂ ਦੇ ਦਾਸਰੇ ————

**ਅਖੰਡ ਕੀਰਤਨੀ ਜੱਥਾ, ਚੰਡੀਗੜ੍ਹ ਅਤੇ ਸਮੂਹ ਸਾਧ ਸੰਗਤ**

ਸੰਪਰਕ : 9988381739, 98726-33388, 93160-23874, 98889-51166

ਸਹਿਯੋਗ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ, ਮੈਨੇਜਰ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤ

ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਨੂੰ ਸਮਰਪਿਤ

ਕੇਂਦਰੀ ਸਾਲਾਨਾ

# ਅਖੰਡ ਕੀਰਤਨ ਸਮਾਗਮ

## 22 ਮਾਰਚ ਤੋਂ 27 ਮਾਰਚ ਤੱਕ ਮੋਗਾ ਵਿਖੇ

**22-03-2022**
ਮੰਗਲਵਾਰ, ਸ਼ਾਮ 6 ਤੋਂ 10
ਭਾ: ਕੁਲਦੀਪ ਸਿੰਘ ਸਪੁੱਤਰ ਭਾ: ਨਸੀਬ ਸਿੰਘ
HNo 2-1/05225 ਨੇੜੇ ਬਲਬੀਰ ਡਿਪੂ, ਬੇਦੀ ਨਗਰ, ਮੋਗਾ

**23-03-2022**
ਬੁੱਧਵਾਰ, ਸ਼ਾਮ 6 ਤੋਂ 10
ਭਾ: ਇੰਦਰਜੀਤ ਸਿੰਘ (ਸਟਾਰ ਰੇਡੀਓ) ਵਲੋਂ
ਗੁ: ਗੁਰੂ ਨਾਨਕ ਦੇਵ ਜੀ, ਗੋਬਿੰਦਗੜ੍ਹ ਬਸਤੀ, ਮੋਗਾ

**24-03-2022**
ਵੀਰਵਾਰ, ਸ਼ਾਮ 6 ਤੋਂ 10
ਭਾ: ਪਰਮਿੰਦਰ ਸਿੰਘ ਖ਼ਾਲਸਾ
1102, ਪੁਰਾਣਾ ਗੁਲਾਬੀ ਬਾਗ, ਇੰਦਰ ਸਿੰਘ ਗਿੱਲ ਨਗਰ, ਜੀ. ਟੀ. ਰੋਡ, ਮੋਗਾ

**25-03-2022**
ਸ਼ੁਕਰਵਾਰ, ਸ਼ਾਮ 6 ਤੋਂ 10
ਗੁ: ਗੁਰੂ ਨਾਨਕ ਦੇਵ ਜੀ, ਗੋਬਿੰਦਗੜ੍ਹ ਬਸਤੀ, ਮੋਗਾ

**26-03-2022**
ਸ਼ਨਿਚਰਵਾਰ, ਸਵੇਰੇ 7:30 ਤੋਂ 1
ਗੁ: ਗੁਰੂ ਤੇਗ ਬਹਾਦਰ ਜੀ, ਦੁਸਾਂਝ ਰੋਡ, ਮੋਗਾ

**26-03-2022** **ਸ਼ਨਿਚਰਵਾਰ** ਗੁ: ਗੁਰੂ ਤੇਗ ਬਹਾਦਰ ਜੀ, ਦੁਸਾਂਝ ਰੋਡ, ਮੋਗਾ

## ਅੰਮ੍ਰਿਤ ਸੰਚਾਰ
**ਸ਼ਾਮ 6 ਵਜੇ**

## ਰੈਣਸਬਾਈ ਕੀਰਤਨ
**ਸ਼ਾਮ 6 ਵਜੇ ਤੋਂ ਸਵੇਰ 6 ਵਜੇ ਤੱਕ**

ਜਰੂਰੀ ਬੇਨਤੀਆਂ :-
1. ਅੰਮ੍ਰਿਤ ਅਭਿਲਾਖੀ ਸ਼ਕੇਸ਼ੀ ਇਸ਼ਨਾਨ ਕਰਕੇ ਪਹਿਲਾਂ ਪਹੁੰਚਣ ਜੀ |
2. ਅਨੰਦ ਕਾਰਜ ਵਾਲੇ ਜੋੜੇ ਪਹਿਲਾਂ ਸੂਚਿਤ ਕਰਨ ਜੀ |
3. ਰਹਾਇਸ਼ ਗੁਰਦੁਆਰਾ ਸਾਹਿਬ ਅਤੇ ਨੇੜੇ ਦੇ ਘਰਾਂ ਵਿਚ ਹੋਵੇਗੀ ਜੀ |
4. ਪ੍ਰਬੰਧਕਾਂ ਦੇ ਇੰਤਜਾਮ ਵਿਚ ਕਿਸੇ ਕਿਸਮ ਦੀ ਦਖਲ ਅੰਦਾਜੀ ਨਾ ਕਰਨੀ ਜੀ|

ਟ੍ਰਾਂਸਪੋਰਟ :- 99886-62529, 98551-38760, 98726-92659
ਪੁੱਛ ਗਿੱਛ :- 95307-18001, 94173-09460, 94171-76032, 99885-11287, 94171-05838, 94177-59238, 96466-77883, 88723-09092, 99145-00298, 99881-48511
ਸਹਿਯੋਗ - ਸਮੂਹ ਧਾਰਮਿਕ, ਸਮਾਜਿਕ ਜਥੇਬੰਦੀਆਂ ਅਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ

Live Telecast at **akj.org**

ਦਾਸਰੇ - **ਅਖੰਡ ਕੀਰਤਨੀ ਜੱਥਾ ਮੋਗਾ**

### ਸਮੂਹ ਅਖੰਡ ਕੀਰਤਨੀ ਜੱਥਿਆਂ ਵਲੋਂ

## ਸਾਲਾਨਾ ਕੇਂਦਰੀ ਹੋਲਾ ਮੁਹੱਲਾ

# ਅਖੰਡ ਕੀਰਤਨ ਸਮਾਗਮ

**ਮਿਤੀ 16-03-2022 ਤੋਂ 19-03-2022 ਤੱਕ ਕਲਗੀਧਰ ਕੀਰਤਨ ਦਰਬਾਰ, ਗੁਰਦੁਆਰਾ ਕਿਲ੍ਹਾ ਲੋਹਗੜ੍ਹ ਸਾਹਿਬ ਰੋਡ, ਸ੍ਰੀ ਅਨੰਦਪੁਰ ਸਾਹਿਬ ਵਿਖੇ**

| | |
|---|---|
| 16 ਮਾਰਚ 2022<br>ਦਿਨ ਬੁੱਧਵਾਰ | ਅੰਮ੍ਰਿਤ ਵੇਲਾ/ਨਿੱਤਨੇਮ ਅਤੇ ਕੀਰਤਨ ਸ੍ਰੀ ਆਸਾ ਦੀ ਵਾਰ ਸਵੇਰੇ 8.30 ਵਜੇ ਤੱਕ, ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ, ਸ਼ਥਾਨ ਕਲਗੀਧਰ ਕੀਰਤਨ ਦਰਬਾਰ, ਸ੍ਰੀ ਅਨੰਦਪੁਰ ਸਾਹਿਬ।<br>ਸੋਦਰੁ ਉਪਰੰਤ ਅਖੰਡ ਕੀਰਤਨ ਸ਼ਾਮ 7.30 ਵਜੇ ਤੋਂ ਰਾਤ 12.00 ਵਜੇ ਤੱਕ, ਤੱਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ। |
| 17 ਮਾਰਚ 2022<br>ਦਿਨ ਵੀਰਵਾਰ | ਕੀਰਤਨ ਸ੍ਰੀ ਆਸਾ ਦੀ ਵਾਰ ਸਵੇਰੇ 5.00 ਵਜੇ ਤੋਂ 11.30 ਵਜੇ ਤੱਕ, ਗੁ. ਸ੍ਰੀ ਸੀਸ ਗੰਜ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿਖੇ। |
| 18 ਮਾਰਚ 2022<br>ਦਿਨ ਸ਼ੁਕਰਵਾਰ | ਭੋਗ ਸ੍ਰੀ ਅਖੰਡ ਪਾਠ ਸਾਹਿਬ ਅੰਮ੍ਰਿਤ ਵੇਲੇ 5.00 ਵਜੇ, ਉਪਰੰਤ ਦਿਨ ਸੁਹੇਲਾ ਅਖੰਡ ਕੀਰਤਨ ਦੁਪਿਹਰ 2.00 ਵਜੇ ਤੱਕ, ਕਲਗੀਧਰ ਕੀਰਤਨ ਦਰਬਾਰ, ਗੁ. ਕਿਲ੍ਹਾ ਲੋਹਗੜ੍ਹ ਰੋਡ, ਸ੍ਰੀ ਅਨੰਦਪੁਰ ਸਾਹਿਬ ਸਿਖੇ।<br>ਸ਼ਾਮ ਨੂੰ ਸੋਦਰ ਉਪਰੰਤ ਆਰੰਭ ਰੈਣ ਸਬਾਈ ਕੀਰਤਨ, ਕਲਗੀਧਰ ਕੀਰਤਨ ਦਰਬਾਰ, ਸ੍ਰੀ ਅਨੰਸਪੁਰ ਸਾਹਿਬ। |
| 19 ਮਾਰਚ 2022<br>ਦਿਨ ਸ਼ਨੀਵਾਰ | **ਸਮਾਪਤੀ ਰੈਣ ਸਬਾਈ ਕੀਰਤਨ, ਸਵੇਰੇ 5.00 ਵਜੇ** |

# ਅੰਮ੍ਰਿਤ ਸੰਚਾਰ ਸਮਾਗਮ

**ਕਲਗੀਧਰ ਕੀਰਤਨ ਦਰਬਾਰ ਵਿਖੇ 18 ਮਾਰਚ 2022 ਸ਼ਾਮ 7.00 ਵਜੇ ਅਰੰਭ ਹੋਣਗੇ।**

ਨੋਟ : 16 ਸ਼ਾਮ ਨੂੰ ਤੱਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਵਿੱਖੇ ਅਤੇ 18 ਮਾਰਚ ਦੇ ਦਿਨ ਅਤੇ ਰਾਤ ਦੇ ਕੀਰਤਨ ਸਮਾਗਮ www.akj.org ਅਤੇ www.akalmultimedia.com ਤੇ ਸਿੱਧੇ ਪ੍ਰਸਾਰਣ ਕੀਤੇ ਜਾਣਗੇ।

ਬੇਨਤੀਆਂ – 1. ਤੱਖਤ ਸਾਹਿਬ ਤੇ ਕੀਰਤਨ ਸਮੇਂ ਵੱਧ ਤੋਂ ਵੱਧ ਸੰਗਤ ਹਾਜਰੀ ਭਰੇ। 2. ਵੱਧ ਤੋਂ ਵੱਧ ਸੰਗਤ ਅਖੰਡ ਪਾਠ ਸਾਹਿਬ ਸਰਵਣ ਕਰਨ ਦੀ ਖੇਚਲ ਕਰਨ ਜੀ। 3. ਅੰਮ੍ਰਿਤ ਵੇਲਾ 18 ਮਾਰਚ ਸਵੇਰੇ 12.00 ਵਜੇ ਤੋਂ ਸਵੇਰੇ 4.00 ਵਜੇ ਤੱਕ ਕਲਗੀਧਰ ਦਰਬਾਰ ਵਿਖੇ ਹੋਣਗੇ। 4. ਲੰਗਰ ਅਤੇ ਰਿਹਾਇਸ ਦਾ ਸਾਰਾ ਪ੍ਰਬੰਧ ਕਲਗੀਧਰ ਕੀਰਤਨ ਦਰਬਾਰ ਵਿਖੇ ਹੋਵੇਗਾ। 5. ਲੋੜ ਅਨੁਸਾਰ ਬਿਸਤਰੇ ਨਾਲ ਲਿਆਉਣ ਦੀ ਕ੍ਰਿਪਾਲਤਾ ਕਰਨੀ ਜੀ। 6. ਆਨੰਦ–ਕਾਰਜ ਵਾਲੇ ਪਰਿਵਾਰ ਪਹਿਲਾਂ ਸੂਚਿਤ ਕਰੋ ਜੀ।

**ਸਹਿਯੋਗੀ : ਮੈਨੇਜਰ/ਹੈਡ ਗ੍ਰੰਥੀ ਅਤੇ ਪ੍ਰਬੰਧਕ ਕਮੇਟੀ, ਤੱਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ**

ਦਾਸਰੇ : ਅਖੰਡ ਕੀਰਤਨੀ (ਜੱਥਾ ਸ੍ਰੀ ਅਨੰਦਪੁਰ ਸਾਹਿਬ)

ਸੰਪਰਕ : 98153-01010, 96461-17772, 96469-10555, 98767-08961, 98143-00245, 96459-10062, 84278-37343

ਮਹਾਹ ਅਨੰਦੁ ਸਦਾ ਕਰਿ ਕੀਰਤਨੁ ਪੁਰਖ ਬਿਧਾਤਾ ਪਾਏ ॥
ਦਿਨੁ ਭੀ ਗਾਵਉ ਰੈਨੀ ਗਾਵਉ, ਗਾਵਉ ਸਾਸਿ ਸਾਸਿ ਰਸਨਾਰੀ ॥









ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ, ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਆਗਮਨ ਪੁਰਬ ਨੂੰ ਸਮਰਪਿਤ, ਮਿਤੀ 17.11.2021 ਤੋਂ ਲੈ ਕੇ 20.11.2021 ਤਕ, ਅਖੰਡ ਕੀਰਤਨੀ ਜੱਥਾ, ਜਲੰਧਰ ਵੱਲੋਂ ਲਾਇਲਪੁਰ ਖਾਲਸਾ ਸੀਨੀਅਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।

Registered with the Registrar
of News Papers of India
Regd. No. R-70727/99

**ATAM RANG**
February- 2022

**Postal Regd. No.**
**CHDG/0025/2021-23**

ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ ॥
ਮਨ ਰੇ ਹਰਿ ਕੀਰਤਿ ਤਰੁ ਤਾਰੀ ॥









ਕੇਂਦਰੀ ਸਾਲਾਨਾ ਅਖੰਡ ਕੀਰਤਨ ਸਮਾਗਮ, ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਦੇ 552ਵੇਂ ਆਗਮਨ ਪੁਰਬ ਨੂੰ ਸਮਰਪਿਤ, ਮਿਤੀ 17.11.2021 ਤੋਂ ਲੈ ਕੇ 20.11.2021 ਤਕ, ਅਖੰਡ ਕੀਰਤਨੀ ਜੱਥਾ, ਜਲੰਧਰ ਵੱਲੋਂ ਲਾਇਲਪੁਰ ਖਾਲਸਾ ਸੀਨੀਅਰ ਸਕੈਂਡਰੀ ਸਕੂਲ, ਨਕੋਦਰ ਰੋਡ, ਜਲੰਧਰ ਵਿਖੇ ਮਨਾਇਆ ਗਿਆ। ਸੰਗਤਾਂ ਨੇ ਹੁੰਮ-ਹੁੰਮਾ ਕੇ ਕੀਰਤਨ ਦੀਆਂ ਹਾਜਰੀਆਂ ਭਰੀਆਂ ਤੇ ਹਰਜਸ ਦੇ ਲਾਹੇ ਪ੍ਰਾਪਤ ਕੀਤੇ। ਇਸ ਅਵਸਰ ਤੇ ਕੀਰਤਨੀ ਸਿੰਘਾਂ ਨੇ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਤੇ ਸੰਗਤਾਂ ਨੇ ਕੀਰਤਨ ਦੇ ਰੰਗ ਮਾਣ ਕੇ ਅਪਣਾ ਜੀਵਨ ਸਫਲ ਕੀਤਾ। ਪ੍ਰਬੰਧਕਾਂ ਨੇ ਰੱਜ-ਰੱਜ ਕੇ ਸੰਗਤਾਂ ਦੀ ਸੇਵਾ ਕੀਤੀ ਤੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ।